27-DEC-PAGE-1.qxd 12/26/2024 10:41 PM Page 1

ਸ਼ੁੱਕਰਵਾਰ, 27 ਦਸੰਬਰ, 2024
13 ਪੋਹ { ਨਾਨਕਸ਼ਾਹੀ 556 / ਬਿਕਰਮੀ 2081
ਜਿਲਦ/VOL. : 73
ਅੰਕ/NO. : 207

# ਨਵਾਂ ਜ਼ਮਾਨਾ

DAILY NAWAN ZAMANA • FRIDAY, 27 DECEMBER, 2024 ਜਲੰਧਰ

**'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ**

| | |
|---|---|
| ਪੁੱਛ-ਗਿੱਛ (ਰਿਸੈਪਸ਼ਨ) | 0181-5097300 |
| ਇਸ਼ਤਿਹਾਰ ਵਿਭਾਗ | 0181-5097302 |
| ਸਾਹਿਤ ਸੰਪਾਦਕ (ਐਤਵਾਰਤਾ) | 0181-5097305 |
| ਕੰਪਿਊਟਰ ਰੂਮ | 0181-5097310 |
| ਵੈੱਬ ਟੀ ਵੀ | 0181-5133160 |

YouTube nawan zamana TV

ਕੀਮਤ/PRICE : 5.00 ਰੁਪਏ Regd. No : L-4/Pb-JL-0023/2024-26, (R.N.I.)-00068/57 E-mail : nawanzamana@gmail.com www.nawanzamana.in ਸਫ਼ੇ : 12

## 'ਆਪ' ਕਾਂਗਰਸ ਤੋਂ ਔਖੀ, 'ਇੰਡੀਆ' 'ਚੋਂ ਕਢਵਾਉਣ ਦੀ ਵਾਰਨਿੰਗ




**ਨਵੀਂ ਦਿੱਲੀ :** ਆਮ ਆਦਮੀ ਪਾਰਟੀ (ਆਪ) ਵੱਲੋਂ ਕਾਂਗਰਸ ਨੂੰ ਇੰਡੀਆ ਗੱਠਜੋੜ ਵਿੱਚੋਂ ਕਢਵਾਉਣ ਲਈ ਬਾਕੀ ਭਾਈਵਾਲਾਂ ਨਾਲ ਗੱਲ ਕਰਨ ਦੀ ਯੋਜਨਾ ਬਣਾਈ ਜਾ ਰਹੀ ਹੈ। 'ਆਪ' ਸੂਤਰਾਂ ਨੇ ਕਿਹਾ ਕਿ ਪਾਰਟੀ ਵਿੱਚ ਕਾਂਗਰਸ ਆਗੂਆਂ ਦੇ 'ਆਪ' ਬਾਰੇ ਬਿਆਨਾਂ ਅਤੇ ਪਾਰਟੀ ਕਨਵੀਨਰ ਅਰਵਿੰਦ ਕੇਜਰੀਵਾਲ ਖਿਲਾਫ ਐੱਫ ਆਈ ਆਰ ਦਰਜ ਕਰਨ ਦੀ ਮੰਗ ਕਾਰਨ ਭਾਰੀ ਨਾਰਾਜ਼ਗੀ ਪਾਈ ਜਾ ਰਹੀ ਹੈ।

ਆਪ ਦੇ ਕਨਵੀਨਰ ਕੇਜਰੀਵਾਲ, ਮੁੱਖ ਮੰਤਰੀ ਆਤਿਸ਼ੀ, ਸਾਬਕਾ ਉਪ ਮੁੱਖ ਮੰਤਰੀ ਮਨੀਸ਼ ਸਿਸੋਦੀਆ ਨਾਲ ਪ੍ਰੈੱਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਸੀਨੀਅਰ ਆਗੂ ਸੰਜੇ ਸਿੰਘ ਨੇ ਕਿਹਾ ਕਿ ਕਾਂਗਰਸ ਦੇ ਕੁਲ ਹਿੰਦ ਖਜ਼ਾਨਚੀ ਅਜੈ ਮਾਕਨ ਖਿਲਾਫ 24 ਘੰਟਿਆਂ ਦੇ ਵਿੱਚ-ਵਿੱਚ ਕਾਰਵਾਈ ਨਹੀਂ ਹੁੰਦੀ ਤਾਂ ਉਹ ਇੰਡੀਆ ਗੱਠਜੋੜ ਦੀਆਂ ਭਾਈਵਾਲ ਪਾਰਟੀਆਂ ਨੂੰ ਕਾਂਗਰਸ ਨੂੰ ਗੱਠਜੋੜ ਵਿੱਚੋਂ ਕੱਢਣ ਲਈ ਕਹਿਣਗੇ। ਦਿੱਲੀ ਕਾਂਗਰਸ ਨੇ ਬੁੱਧਵਾਰ ਵ੍ਹਾਈਟ ਪੇਪਰ ਜਾਰੀ ਕਰਕੇ ਆਪ ਤੇ ਭਾਜਪਾ 'ਤੇ ਹਮਲੇ ਕੀਤੇ ਸਨ। ਮਾਕਨ ਨੇ ਕਿਹਾ ਸੀ ਕਿ ਕੇਜਰੀਵਾਲ ਜਨਲੋਕਪਾਲ ਅੰਦੋਲਨ ਦੇ ਸਹਾਰੇ ਸੱਤਾ ਵਿਚ ਆਏ ਸਨ, ਪਰ ਉਨ੍ਹਾ ਖੁਦ ਲੋਕਪਾਲ ਨਿਯੁਕਤ ਨਹੀਂ ਕੀਤਾ। ਉਨ੍ਹਾ ਇਹ ਵੀ ਕਿਹਾ ਕਿ ਦੇਸ਼ ਵਿੱਚ ਫਰਾਡ ਦੇ ਬਾਦਸ਼ਾਹ ਕੇਜਰੀਵਾਲ ਹੀ ਹਨ। ਉਨ੍ਹਾ ਕੇਜਰੀਵਾਲ ਨੂੰ ਫਰਜ਼ੀਵਾਲ ਵੀ ਗਰਦਾਨਿਆ ਸੀ।

ਯੂਥ ਕਾਂਗਰਸ ਨੇ ਇੱਕ ਦਿਨ ਪਹਿਲਾਂ ਹੀ ਕੇਜਰੀਵਾਲ ਖਿਲਾਫ ਸ਼ਿਕਾਇਤ ਦਰਜ ਕਰਵਾ ਕੇ ਉਨ੍ਹਾ 'ਤੇ ਵੋਟਰਾਂ ਨੂੰ ਗੁੰਮਰਾਹ ਕਰਨ ਤੇ ਧੋਖਾਧੜੀ ਵਾਲੀਆਂ ਸਰਗਰਮੀਆਂ 'ਚ ਸ਼ਾਮਲ ਹੋਣ ਦਾ ਦੋਸ਼ ਲਗਾਇਆ ਗਿਆ ਸੀ। ਸੰਸਦ ਮਾਰਗ ਪੁਲਸ ਸਟੇਸ਼ਨ 'ਚ ਦਰਜ ਕੀਤੀ ਗਈ ਸ਼ਿਕਾਇਤ 'ਚ ਕੇਜਰੀਵਾਲ ਖਿਲਾਫ ਉਨ੍ਹਾ ਦੇ ਉਨ੍ਹਾਂ ਚੋਣ ਵਾਅਦਿਆਂ ਨੂੰ ਲੈ ਕੇ ਐੱਫ ਆਈ ਆਰ ਦਰਜ ਕਰਨ ਦੀ ਮੰਗ ਕੀਤੀ ਗਈ ਸੀ, ਜਿਨ੍ਹਾਂ ਨੂੰ ਦਿੱਲੀ ਸਰਕਾਰ ਦੇ ਦੋ ਵਿਭਾਗਾਂ ਨੇ ਬੀਤੇ ਦਿਨ ਰੱਦ ਕਰ ਦਿੱਤਾ ਸੀ। 'ਆਪ' ਦੇ ਇਕ ਆਗੂ ਨੇ ਦੋਸ਼ ਲਾਇਆ—ਅਸੀਂ ਇੰਡੀਆ ਬਲਾਕ ਦੇ ਭਾਈਵਾਲਾਂ ਨਾਲ ਗੱਲ ਕਰਾਂਗੇ ਅਤੇ ਗੱਠਜੋੜ ਵਿੱਚੋਂ ਕਾਂਗਰਸ ਦੀ ਬਰਖਾਸਤਗੀ ਦੀ ਮੰਗ ਕਰਾਂਗੇ। ਕਾਂਗਰਸ ਅਸਲ ਵਿਚ ਭਾਜਪਾ ਨਾਲ ਮਿਲ ਕੇ ਕੰਮ ਕਰ ਰਹੀ ਹੈ। ਉਸ ਦੇ ਉਮੀਦਵਾਰਾਂ ਦੀ ਲਿਸਟ ਵੀ ਭਾਜਪਾ ਨੇ ਤਿਆਰ ਕੀਤੀ ਲੱਗਦੀ ਹੈ ਤਾਂ ਕਿ ਆਪ ਨੂੰ ਹਰਾਇਆ ਜਾ ਸਕੇ।

ਬੁੱਧਵਾਰ ਉਦੋਂ ਵਿਵਾਦ ਸ਼ੁਰੂ ਹੋ ਗਿਆ ਸੀ ਜਦੋਂ ਦਿੱਲੀ ਸਰਕਾਰ ਦੇ ਦੋ ਵਿਭਾਗਾਂ ਨੇ ਅਖ਼ਬਾਰਾਂ 'ਚ ਨੋਟਿਸ ਜਾਰੀ ਕਰਕੇ ਜਨਤਾ ਨੂੰ ਖ਼ਬਰਦਾਰ ਕਰਦਿਆਂ ਮੁੱਖ ਮੰਤਰੀ ਆਤਿਸ਼ੀ ਅਤੇ ਉਨ੍ਹਾ ਤੋਂ ਪਹਿਲੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਵੱਲੋਂ ਹਾਲ ਹੀ 'ਚ ਐਲਾਨੀਆਂ ਦੋ ਭਲਾਈ ਯੋਜਨਾਵਾਂ ਲਈ ਸ਼ੁਰੂ ਕੀਤੀ ਗਈ ਰਜਿਸਟ੍ਰੇਸ਼ਨ ਦੀ ਪ੍ਰਕਿਰਿਆ ਨੂੰ ਰੱਦ ਕਰ ਦਿੱਤਾ ਸੀ। ਹਾਕਮ ਪਾਰਟੀ 'ਆਪ' ਨੇ ਨੋਟਿਸਾਂ ਨੂੰ 'ਜਾਅਲੀ ਅਤੇ ਬੇਬੁਨਿਆਦ' ਕਰਾਰ ਦਿੱਤਾ ਸੀ ਅਤੇ ਜ਼ੋਰ ਦੇ ਕੇ ਕਿਹਾ ਸੀ ਕਿ ਅਜਿਹੇ ਇਸ਼ਤਿਹਾਰ ਛਾਪਣ ਵਾਲੇ ਅਧਿਕਾਰੀਆਂ ਵਿਰੁੱਧ ਪ੍ਰਸ਼ਾਸਕੀ ਅਤੇ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ।

ਆਗਾਮੀ ਫਰਵਰੀ ਮਹੀਨੇ ਦਿੱਲੀ ਵਿਧਾਨ ਸਭਾ ਦੀਆਂ ਚੋਣਾਂ ਹੋਣੀਆਂ ਹਨ, ਜਿਨ੍ਹਾਂ ਲਈ ਵੋਟਰਾਂ ਨੂੰ ਲੁਭਾਉਣ ਵਾਸਤੇ 'ਆਪ' ਨੇ ਹਾਲ ਹੀ 'ਚ ਦੋ ਭਲਾਈ ਯੋਜਨਾਵਾਂ ਮੁੱਖ ਮੰਤਰੀ ਮਹਿਲਾ ਸਨਮਾਨ ਯੋਜਨਾ ਅਤੇ ਸੰਜੀਵਨੀ ਯੋਜਨਾ ਦਾ ਐਲਾਨ ਕੀਤਾ ਸੀ। ਮਹਿਲਾ ਸਨਮਾਨ ਯੋਜਨਾ ਤਹਿਤ 'ਆਪ' ਮੁੜ ਸੱਤਾ 'ਚ ਆਉਣ 'ਤੇ ਔਰਤਾਂ ਨੂੰ 2,100 ਰੁਪਏ ਦੀ ਮਾਸਕ ਸਹਾਇਤਾ ਦੇਵੇਗੀ ਅਤੇ ਸੰਜੀਵਨੀ ਯੋਜਨਾ ਤਹਿਤ ਸੀਨੀਅਰ ਨਾਗਰਿਕਾਂ ਲਈ ਪੂਰੀ ਸਿਹਤ ਕਵਰੇਜ ਦੇਣ ਦਾ ਵਾਅਦਾ ਕੀਤਾ ਗਿਆ ਹੈ।

ਕੇਜਰੀਵਾਲ ਨੇ ਭਾਜਪਾ 'ਤੇ ਸਰਕਾਰੀ ਅਧਿਕਾਰੀਆਂ ਦੀ ਬਾਂਹ ਮਰੋੜਨ ਅਤੇ ਉਨ੍ਹਾਂ 'ਤੇ ਨੋਟਿਸ ਜਾਰੀ ਕਰਨ ਲਈ ਦਬਾਅ ਪਾਉਣ ਦਾ ਦੋਸ਼ ਲਗਾਇਆ ਹੈ। ਉਨ੍ਹਾ ਕਿਹਾ—ਭਾਜਪਾ ਇਨ੍ਹਾਂ ਯੋਜਨਾਵਾਂ ਦੀ ਪ੍ਰਸਿੱਧੀ ਤੋਂ ਘਬਰਾ ਗਈ ਹੈ ਅਤੇ ਨਹੀਂ ਚਾਹੁੰਦੀ ਕਿ ਦਿੱਲੀ ਦੇ ਲੋਕਾਂ ਨੂੰ ਲਾਭ ਮਿਲੇ। ਦਿੱਲੀ ਕੈਬਨਿਟ ਨੇ ਪਹਿਲਾਂ ਹੀ ਹਰ ਔਰਤ ਨੂੰ 1,000 ਰੁਪਏ ਦੇਣ ਦੀ ਯੋਜਨਾ ਨੂੰ ਮਨਜ਼ੂਰੀ ਦੇ ਦਿੱਤੀ ਹੈ ਅਤੇ ਇਸ ਬਾਰੇ ਨੋਟੀਫਿਕੇਸ਼ਨ ਜਾਰੀ ਕਰ ਦਿੱਤਾ ਗਿਆ ਹੈ।

## ਸ਼ਾਹ ਦੇ ਅਸਤੀਫੇ ਲਈ 30 ਨੂੰ ਰੋਸ ਦਿਵਸ : ਬਰਾੜ, ਸੇਖੋਂ, ਬਖਤਪੁਰਾ



**ਚੰਡੀਗੜ੍ਹ (ਗਿਆਨ ਸੈਦਪੁਰੀ)**

ਭਾਰਤੀ ਕਮਿਊਨਿਸਟ ਪਾਰਟੀ ਦੇ ਸੂਬਾ ਸਕੱਤਰ ਬੰਤ ਸਿੰਘ ਬਰਾੜ, ਸੀ ਪੀ ਆਈ (ਐੱਮ.) ਦੇ ਸੂਬਾ ਸਕੱਤਰ ਸੁਖਵਿੰਦਰ ਸਿੰਘ ਸੇਖੋਂ ਅਤੇ ਸੀ ਪੀ ਆਈ (ਮ-ਲ) ਲਿਬਰੇਸ਼ਨ ਦੇ ਸੂਬਾ ਸਕੱਤਰ ਗੁਰਮੀਤ ਸਿੰਘ ਬਖਤਪੁਰਾ ਨੇ ਇੱਕ ਸਾਂਝੇ ਪ੍ਰੈੱਸ ਬਿਆਨ ਵਿੱਚ ਕਿਹਾ ਕਿ ਖੱਬੀਆਂ ਪਾਰਟੀਆਂ ਦੇ ਅਮਿਤ ਸ਼ਾਹ ਵਿਰੁੱਧ ਚੱਲ ਰਹੇ ਪ੍ਰਦਰਸ਼ਨਾਂ ਨੂੰ ਜਾਰੀ ਰੱਖਦਿਆਂ 30 ਦਸੰਬਰ ਨੂੰ ਸਾਂਝੇ ਤੌਰ 'ਤੇ ਰੋਸ ਦਿਵਸ ਮਨਾਇਆ ਜਾਵੇਗਾ। ਦੇਸ਼ ਵਿਆਪੀ ਰੋਸ ਦਿਵਸ ਵਿੱਚ ਗ੍ਰਹਿ ਮੰਤਰੀ ਅਮਿਤ ਸ਼ਾਹ ਦੇ ਅਸਤੀਫ਼ੇ ਦੀ ਮੰਗ ਕੀਤੀ ਜਾਵੇਗੀ।

ਆਗੂਆਂ ਨੇ ਕਿਹਾ ਕਿ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਵੱਲੋਂ ਡਾ. ਬੀ ਆਰ ਅੰਬੇਡਕਰ ਬਾਰੇ ਕੀਤੀਆਂ ਗਈਆਂ ਅਪਮਾਨਜਨਕ ਟਿੱਪਣੀਆਂ ਦੇ ਸਿੱਟੇ ਵਜੋਂ ਦੇਸ਼ ਭਰ ਵਿੱਚ ਵਿਆਪਕ ਰੋਸ ਪਾਇਆ ਜਾ ਰਿਹਾ ਹੈ। ਇਸ ਸੰਬੰਧ ਵਿੱਚ ਅਮਿਤ ਸ਼ਾਹ ਵੱਲੋਂ ਕੋਈ ਜ਼ਿੰਮੇਵਾਰੀ ਲੈਣ ਜਾਂ ਇਸ ਵਿੱਚ ਕੋਈ ਸੁਧਾਰ ਕਰਨ ਦੀ ਇੱਛਾ ਦਿਖਾਈ ਨਹੀਂ ਦੇ ਰਹੀ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਕੋਈ ਯੋਗ ਕਾਰਵਾਈ ਕਰਨ ਲਈ ਤਿਆਰ ਨਹੀਂ। ਖੱਬੀਆਂ ਪਾਰਟੀਆਂ ਵੱਲੋਂ ਚੱਲ ਰਹੇ ਅੰਦੋਲਨ ਨੂੰ ਜਾਰੀ ਰੱਖਿਆ ਜਾਵੇਗਾ ਅਤੇ 30 ਦਸੰਬਰ ਨੂੰ ਸਾਂਝੇ ਤੌਰ 'ਤੇ ਰੋਸ ਦਿਵਸ ਮਨਾਇਆ ਜਾਵੇਗਾ। ਉਨ੍ਹਾ ਕਿਹਾ ਕਿ ਖੱਬੀਆਂ ਪਾਰਟੀਆਂ ਇੱਕ ਰਾਸ਼ਟਰ, ਇੱਕ ਚੋਣ ਦੇ ਪ੍ਰਸਤਾਵ ਦਾ ਵੀ ਸਪੱਸ਼ਟ ਵਿਰੋਧ ਕਰਦੀਆਂ ਹਨ। ਹੁਣੇ ਜਿਹੇ ਇਸ ਪ੍ਰਸਤਾਵ ਨੂੰ ਸੰਸਦ ਵਿੱਚ ਸੰਵਿਧਾਨਕ ਸੋਧ ਬਿੱਲ ਸਮੇਤ ਪੇਸ਼ ਕੀਤਾ ਗਿਆ ਹੈ। ਸੰਵਿਧਾਨ ਵਿੱਚ ਪ੍ਰਸਤਾਵਿਤ ਸੋਧਾਂ ਸੰਘੀ ਢਾਂਚੇ ਅਤੇ ਰਾਜ ਵਿਧਾਨ ਸਭਾਵਾਂ ਅਤੇ ਉਨ੍ਹਾਂ ਨੂੰ ਚੁਣਨ ਵਾਲੇ ਲੋਕਾਂ ਦੇ ਅਧਿਕਾਰਾਂ 'ਤੇ ਸਿੱਧਾ ਹਮਲਾ ਹੈ। ਇਹ ਕੇਂਦਰੀਕਰਨ ਅਤੇ ਵਿਧਾਨ ਸਭਾਵਾਂ ਦੇ ਪੰਜ ਸਾਲਾਂ ਦੇ ਕਾਰਜਕਾਲ ਵਿੱਚ ਮਨਮਾਨੇ ਢੰਗ ਨਾਲ ਕਟੌਤੀ ਕਰਕੇ ਲੋਕਾਂ ਦੀ ਇੱਛਾ ਨੂੰ ਤੋੜਨ ਦਾ ਇੱਕ ਨੁਸਖਾ ਹੈ। ਖੱਬੀਆਂ ਪਾਰਟੀਆਂ 'ਇੱਕ ਰਾਸ਼ਟਰ, ਇੱਕ ਚੋਣ' ਯੋਜਨਾ ਦੇ ਖ਼ਿਲਾਫ਼ ਵੀ ਦੇਸ਼ ਵਿਆਪੀ ਮੁਹਿੰਮ ਚਲਾਉਣਗੀਆਂ। ਖੱਬੀਆਂ ਪਾਰਟੀਆਂ ਨੇ ਚੋਣ ਨਿਯਮਾਂ ਦੀ ਸੰਸੋਧਨ ਤਹਿਤ ਬਿਜਲਈ ਦਸਤਾਵੇਜ਼ਾਂ ਦੀ ਜਨਤਕ ਜਾਂਚ ਦੇ ਅਧਿਕਾਰ ਨੂੰ ਰੱਦ ਕਰ ਦਿੱਤਾ ਗਿਆ ਹੈ।

ਤਿੰਨੋਂ ਕਮਿਊਨਿਸਟ ਆਗੂਆਂ ਨੇ ਆਖਿਆ ਕਿ ਆਉਣ ਵਾਲੇ ਦਿਨਾਂ ਵਿੱਚ ਸਿਆਸੀ ਅਤੇ ਲੋਕ ਮੁੱਦਿਆਂ 'ਤੇ ਖੱਬੇ ਪੱਖੀ ਦਖਲ ਨੂੰ ਤੇਜ਼ ਕੀਤਾ ਜਾਵੇਗਾ। ਖੱਬੀਆਂ ਪਾਰਟੀਆਂ ਦੀਆਂ ਬਾਕਾਇਦਾ ਮੀਟਿੰਗਾਂ ਕੀਤੀਆਂ ਜਾਣਗੀਆਂ ਤਾਂ ਕਿ ਖੱਬੀਆਂ ਨੀਤੀਆਂ ਨੂੰ ਪੇਸ਼ ਕੀਤਾ ਜਾ ਸਕੇ ਅਤੇ ਸਾਂਝੀਆਂ ਕਾਰਵਾਈਆਂ ਨੂੰ ਉਤਸ਼ਾਹਿਤ ਕੀਤਾ ਜਾ ਸਕੇ।

## ਗਿਆਨੀ ਹਰਪ੍ਰੀਤ ਸਿੰਘ ਦੀ ਡੇਰਾ ਬਿਆਸ ਮੁਖੀ ਨਾਲ ਲੰਮੀ ਮੀਟਿੰਗ



**ਬਠਿੰਡਾ :** ਡੇਰਾ ਰਾਧਾ ਸੁਆਮੀ ਬਿਆਸ ਦੇ ਮੁਖੀ ਗੁਰਿੰਦਰ ਸਿੰਘ ਢਿੱਲੋਂ ਅਤੇ ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਦੀ ਵੀਰਵਾਰ ਇਥੇ ਇੱਕ ਘੰਟੇ ਤੋਂ ਵੱਧ ਸਮਾਂ ਗੱਲਬਾਤ ਹੋਈ। ਮੁਲਾਕਾਤ ਜਥੇਦਾਰ ਹਰਪ੍ਰੀਤ ਸਿੰਘ ਦੀ ਸਥਾਨਕ ਬਰਨਾਲਾ ਰੋਡ 'ਤੇ ਸਥਿਤ ਰਿਹਾਇਸ਼ਗਾਹ 'ਤੇ ਹੋਈ।

ਡੇਰਾ ਮੁਖੀ ਦਾ ਬਠਿੰਡਾ-ਗੋਨਿਆਣਾ ਮਾਰਗ 'ਤੇ ਸਥਿਤ ਸਥਾਨਕ ਡੇਰਾ ਰਾਧਾ ਸੁਆਮੀ 'ਚ ਆਉਣ ਦਾ ਪ੍ਰੋਗਰਾਮ ਪਹਿਲਾਂ ਹੀ ਤੈਅ ਸੀ। ਉਨ੍ਹਾ ਦਾ ਹੈਲੀਕਾਪਟਰ ਥਰਮਲ ਕਾਲੋਨੀ 'ਚ ਬਣੇ ਅਸਥਾਈ ਹੈਲੀਪੈਡ 'ਤੇ ਉਤਰਿਆ ਅਤੇ ਇੱਥੋਂ ਉਹ ਕਾਰ ਰਾਹੀਂ ਜਥੇਦਾਰ ਦੀ ਰਿਹਾਇਸ਼ 'ਤੇ ਚਲੇ ਗਏ। ਪਤਾ ਲੱਗਾ ਹੈ ਕਿ ਅਕਾਲੀ ਆਗੂ ਸੁਰਜੀਤ ਸਿੰਘ ਰੱਖੜਾ ਵੀ ਇਸ ਮੌਕੇ ਉਥੇ ਪਹੁੰਚ ਗਏ। ਘਰ ਦੇ ਆਲੇ-ਦੁਆਲੇ ਭਾਰੀ ਸੁਰੱਖਿਆ ਪ੍ਰਬੰਧ ਹੋਣ ਕਰ ਕੇ ਮੀਡੀਆ ਕਰਮੀਆਂ ਨੂੰ ਘਰ ਤੋਂ ਦੂਰ ਹੀ ਰੱਖਿਆ ਗਿਆ।

ਜਥੇਦਾਰ ਹਰਪ੍ਰੀਤ ਸਿੰਘ ਦੇ ਕਥਿਤ ਸਾਂਢੂ ਵੱਲੋਂ ਉਨ੍ਹਾ ਬਾਰੇ ਕੀਤੀਆਂ ਵਿਵਾਦਤ ਟਿੱਪਣੀਆਂ ਦੇ ਸੰਬੰਧ 'ਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਅੰਤਰਿੰਗ ਕਮੇਟੀ ਵੱਲੋਂ ਉਨ੍ਹਾ ਦੀਆਂ ਜਥੇਦਾਰ ਵਜੋਂ ਸੇਵਾਵਾਂ 'ਤੇ 15 ਦਿਨਾਂ ਲਈ ਰੋਕ ਲਾਈ ਹੋਈ ਹੈ। ਉਂਜ ਵੀ ਸ਼੍ਰੋਮਣੀ ਅਕਾਲੀ ਦਲ ਦੀ ਲੀਡਰਸ਼ਿਪ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਤਲਬ ਕਰਨ ਤੋਂ ਲੈ ਕੇ ਤਨਖਾਹ ਲਾਉਣ ਤੱਕ ਦੇ ਵੱਖ-ਵੱਖ ਪੜਾਵਾਂ ਦੌਰਾਨ ਗਿਆਨੀ ਹਰਪ੍ਰੀਤ ਸਿੰਘ ਦੀ ਭੂਮਿਕਾ ਬਾਰੇ ਅਸਿੱਧੇ ਰੂਪ 'ਚ

● ਬਾਕੀ ਸਫ਼ਾ 2 'ਤੇ

## ਚੀਨ ਬ੍ਰਹਮਪੁੱਤਰ 'ਤੇ ਦੁਨੀਆ ਦਾ ਸਭ ਤੋਂ ਵੱਡਾ ਡੈਮ ਬਣਾਏਗਾ

**ਬੀਜਿੰਗ :** ਚੀਨ ਨੇ ਭਾਰਤੀ ਸਰਹੱਦ ਨੇੜੇ ਤਿੱਬਤ 'ਚ ਬ੍ਰਹਮਪੁੱਤਰ ਦਰਿਆ ਉੱਤੇ 137 ਅਰਬ ਡਾਲਰ ਨਾਲ ਦੁਨੀਆ ਦੇ ਸਭ ਤੋਂ ਵੱਡੇ ਡੈਮ ਦੀ ਉਸਾਰੀ ਨੂੰ ਮਨਜ਼ੂਰੀ ਦੇ ਦਿੱਤੀ ਹੈ। ਇਸ ਨਾਲ ਰਿਪੇਰੀਅਨ ਦੇਸ਼ਾਂ ਭਾਰਤ ਤੇ ਬੰਗਲਾਦੇਸ਼ ਦੀ ਚਿੰਤਾ ਵਧ ਗਈ ਹੈ। ਸਰਕਾਰੀ ਚੀਨੀ ਖਬਰ ਏਜੰਸੀ ਸਿਨਹੂਆ ਮੁਤਾਬਕ ਚੀਨ ਸਰਕਾਰ ਨੇ ਯਾਰਲੰਗ ਜ਼ੰਗਬੂ ਦਰਿਆ (ਬ੍ਰਹਮਪੁੱਤਰ ਦਾ ਤਿੱਬਤੀ ਨਾਂਅ) 'ਤੇ ਡੈਮ ਬਣਾਉਣ ਨੂੰ ਮਨਜ਼ੂਰੀ ਦਿੱਤੀ ਹੈ। ਇਹ ਡੈਮ ਉੱਥੇ ਬਣੇਗਾ, ਜਿੱਥੋਂ ਬ੍ਰਹਮਪੁੱਤਰ ਯੂ ਟਰਨ ਲੈ ਕੇ ਅਰੁਣਾਚਲ ਵਿੱਚ ਵੜਦਾ ਹੈ ਤੇ ਫਿਰ ਬੰਗਲਾਦੇਸ਼ ਜਾਂਦਾ ਹੈ। ਭਾਰਤ ਦੀ ਚਿੰਤਾ ਇਹ ਹੈ ਕਿ ਚੀਨ ਪਾਣੀ 'ਤੇ ਕੰਟਰੋਲ ਕਰ ਲਵੇਗਾ ਤੇ ਜੰਗ ਵਰਗੀ ਸਥਿਤੀ 'ਚ ਵੱਡੀ ਮਾਤਰਾ ਵਿੱਚ ਪਾਣੀ ਛੱਡ ਕੇ ਕਾਫੀ ਸਰਹੱਦੀ ਇਲਾਕੇ ਡੋਬ ਦੇਵੇਗਾ। ਭਾਰਤ ਵੀ ਅਰੁਣਾਚਲ 'ਚ ਬ੍ਰਹਮਪੁੱਤਰ 'ਤੇ ਡੈਮ ਬਣਾ ਰਿਹਾ ਹੈ।

## ਗੀਜ਼ਰ ਦੀ ਗੈਸ ਨਾਲ ਦੋ ਭੈਣਾਂ ਦੀ ਮੌਤ

**ਲਾਲੜੂ :** ਡਹਿਰ ਰੋਡ 'ਤੇ ਸਥਿਤ ਕਾਲੋਨੀ 'ਚ ਦੋ ਭੈਣਾਂ ਸਪਨਾ (12) ਤੇ ਮਾਹੀ (8) ਦੀ ਬੁੱਧਵਾਰ ਗੀਜ਼ਰ ਦੀ ਗੈਸ ਚੜ੍ਹਨ ਕਾਰਨ ਮੌਤ ਹੋ ਗਈ। ਬਬਲੂ ਨੇ ਦੱਸਿਆ ਕਿ ਉਹ ਬਾਅਦ ਦੁਪਹਿਰ 2 ਵਜੇ ਡਿਊਟੀ 'ਤੇ ਚਲਾ ਗਿਆ ਸੀ ਅਤੇ ਘਰਵਾਲੀ ਵੀ ਕੰਮ 'ਤੇ ਗਈ ਹੋਈ ਸੀ। ਦੋ ਧੀਆਂ ਘਰ 'ਚ ਇਕੱਲੀਆਂ ਸਨ। ਉਹ ਤਿੰਨ ਵਜੇ ਟਿਊਸ਼ਨ 'ਤੇ ਜਾਣ ਤੋਂ ਪਹਿਲਾਂ ਬਾਥਰੂਮ 'ਚ ਨਹਾਉਣ ਚਲੀਆਂ ਗਈਆਂ ਤੇ ਬਾਹਰ ਨਹੀਂ ਆ ਸਕੀਆਂ।

## ਵਕੀਲ ਦਾ ਬਚਾਅ



**ਧਰਮਕੋਟ :** ਕੋਟ ਈਸੇ ਖਾਂ ਨੇੜੇ ਮੋਗਾ-ਅੰਮ੍ਰਿਤਸਰ ਮੁੱਖ ਮਾਰਗ 'ਤੇ ਸਥਿਤ ਪਿੰਡ ਗਗੜਾ ਲਾਗੇ ਵੀਰਵਾਰ ਦੁਪਹਿਰੇ ਕਰੇਟਾ ਕਾਰ ਟਾਇਰ ਫਟਣ ਨਾਲ ਪਲਟ ਗਈ। ਖੁਸ਼ਕਿਸਮਤੀ ਨਾਲ ਕਾਰ ਚਾਲਕ ਵਾਲ-ਵਾਲ ਬਚ ਗਿਆ, ਜੋ ਜ਼ੀਰਾ ਦਾ ਵਕੀਲ ਦੱਸਿਆ ਜਾਂਦਾ ਹੈ। ਉਹ ਕੋਟ ਈਸੇ ਖਾਂ ਤੋਂ ਮੋਗਾ ਵੱਲ ਜਾ ਰਿਹਾ ਸੀ। ਡਰਾਈਵਰ ਸਾਈਡ ਵਾਲਾ ਅਗਲਾ ਟਾਇਰ ਫਟਣ ਕਾਰਨ ਕਾਰ ਘੁੰਮ ਕੇ ਸੜਕ ਦੇ ਦੂਜੇ ਪਾਸੇ ਜਾ ਕੇ ਸੜਕ ਤੋਂ ਥੱਲੇ ਪਲਟ ਗਈ।

## ਹਰਿਆਣਾ 'ਚ ਤਾਬੜਤੋੜ ਗੋਲੀਬਾਰੀ, 2 ਨੌਜਵਾਨਾਂ ਦੀ ਮੌਤ

**ਯਮੁਨਾਨਗਰ :** ਬਲਾਕ ਰਾਦੌਰ ਦੇ ਪਿੰਡ ਖੇੜੀ ਲੱਖਾ ਸਿੰਘ ਦੇ ਪਾਵਰ ਜਿੰਮ ਤੋਂ ਘਰ ਪਰਤ ਰਹੇ ਤਿੰਨ ਨੌਜਵਾਨਾਂ 'ਤੇ ਮੋਟਰਸਾਈਕਲ ਸਵਾਰ ਨਕਾਬਪੋਸ਼ ਬਦਮਾਸ਼ਾਂ ਨੇ ਵੀਰਵਾਰ 50 ਤੋਂ ਵੱਧ ਗੋਲੀਆਂ ਚਲਾ ਕੇ ਦੋ ਨੂੰ ਥਾਈਂ ਮਾਰ ਦਿੱਤਾ। ਮਰਨ ਵਾਲਿਆਂ ਦੀ ਪਛਾਣ ਯੂ ਪੀ ਵਾਸੀ ਪੰਕਜ ਮਲਿਕ ਤੇ ਗੋਲਨੀ ਵਾਸੀ ਵਰਿੰਦਰ ਰਾਣਾ ਵਜੋਂ ਹੋਈ ਹੈ। ਪਿੰਡ ਉਨਹੇੜੀ ਦੇ ਅਰਜੁਨ ਦੀ ਹਾਲਤ ਗੰਭੀਰ ਬਣੀ ਹੋਈ ਸੀ। ਘਟਨਾ ਨੂੰ ਗੈਂਗਵਾਰ ਨਾਲ ਵੀ ਜੋੜਿਆ ਜਾ ਰਿਹਾ ਹੈ।

## ਐੱਸ ਬੀ ਆਈ ਨੇ 14 ਹਜ਼ਾਰ ਤੋਂ ਵੱਧ ਨੌਕਰੀਆਂ ਕੱਢੀਆਂ

**ਨਵੀਂ ਦਿੱਲੀ :** ਭਾਰਤੀ ਸਟੇਟ ਬੈਂਕ ਨੇ ਆਖਰਕਾਰ 2024-25 ਲਈ ਜੂਨੀਅਰ ਐਸੋਸੀਏਟਸ ਲਈ ਸਭ ਤੋਂ ਵੱਧ ਉਡੀਕੀ ਜਾ ਰਹੀ ਭਰਤੀ ਦਾ ਐਲਾਨ ਕਰ ਦਿੱਤਾ ਹੈ। ਇਸ 'ਚ ਖਾਲੀ ਅਸਾਮੀਆਂ ਦੀ ਕੁੱਲ ਗਿਣਤੀ 'ਚ ਅਹਿਮ ਵਾਧਾ ਹੋਇਆ ਹੈ, ਜੋ ਪਿਛਲੇ ਸਾਲ ਦੀਆਂ 8,283 ਅਸਾਮੀਆਂ ਦੇ ਮੁਕਾਬਲੇ ਵਧ ਕੇ 14191 ਹੋ ਗਿਆ ਹੈ। ਇਸ 'ਚ 13735 ਨਿਯਮਤ ਅਸਾਮੀਆਂ ਅਤੇ 456 ਬੈਕਲਾਗ ਅਸਾਮੀਆਂ ਸ਼ਾਮਲ ਹਨ। ਬਿਨੈ-ਪੱਤਰ ਦੀ ਪ੍ਰਕਿਰਿਆ 17 ਦਸੰਬਰ 2024 ਨੂੰ ਸ਼ੁਰੂ ਹੋ ਗਈ ਹੈ ਅਤੇ 7 ਜਨਵਰੀ ਤੱਕ ਦਾ ਸਮਾਂ ਹੈ। ਜੂਨੀਅਰ ਐਸੋਸੀਏਟ ਲਈ ਸ਼ੁਰੂਆਤੀ ਮੁਢਲੀ ਤਨਖਾਹ 26,730 ਰੁਪਏ ਹੈ, ਜਿਸ 'ਚ ਦੋ ਸਾਲਾਨਾ ਵਾਧੇ ਸ਼ਾਮਲ ਹਨ। ਇਸ ਤੋਂ ਇਲਾਵਾ ਘਰ ਦਾ ਕਿਰਾਇਆ, ਮਹਿੰਗਾਈ ਅਤੇ ਆਵਾਜਾਈ ਵਰਗੇ ਭੱਤਿਆਂ ਨੂੰ ਮਿਲਾ ਕੇ ਤਨਖਾਹ ਲੱਗਭੱਗ 46,000 ਰੁਪਏ ਬਣਦੀ ਹੈ। ਬਿਨੈਕਾਰ ਐੱਸ ਬੀ ਆਈ ਦੀ ਅਧਿਕਾਰਤ ਵੈੱਬਸਾਈਟ ਰਾਹੀਂ ਆਪਣੀਆਂ ਅਰਜ਼ੀਆਂ ਅਤੇ ਭੁਗਤਾਨ ਆਨਲਾਈਨ ਜਮ੍ਹਾਂ ਕਰ ਸਕਦੇ ਹਨ। 14,000 ਤੋਂ ਵੱਧ ਕਲਰਕ/ਜੂਨੀਅਰ ਐਸੋਸੀਏਟਸ ਅਸਾਮੀਆਂ ਉਪਲੱਬਧ ਹੋਣ ਦੇ ਨਾਲ ਇਹ ਭਰਤੀ ਮੁਹਿੰਮ ਹਾਲ ਹੀ ਦੇ ਸਾਲਾਂ 'ਚ ਸਭ ਤੋਂ ਵੱਡੀ ਭਰਤੀ ਹੈ।

## ਪਰਬਤਾਰੋਹੀ ਸਾਨਵੀ ਸੂਦ ਸਣੇ 17 ਬੱਚੇ ਪ੍ਰਧਾਨ ਮੰਤਰੀ ਰਾਸ਼ਟਰੀ ਬਾਲ ਪੁਰਸਕਾਰ ਨਾਲ ਸਨਮਾਨਤ



**ਸਾਨਵੀ ਸੂਦ ਰਾਸ਼ਟਰਪਤੀ ਦਰੋਪਦੀ ਮੁਰਮੂ ਤੋਂ ਪੁਰਸਕਾਰ ਹਾਸਲ ਕਰਦੀ ਹੋਈ। ਸਾਨਵੀ ਸੂਦ ਦੇ ਪਿਤਾ ਦੀਪਕ ਸੂਦ ਨੇ ਦੱਸਿਆ ਕਿ ਉਹ ਪੰਜਾਬ ਤੋਂ ਇਹ ਪੁਰਸਕਾਰ ਪ੍ਰਾਪਤ ਕਰਨ ਵਾਲੀ ਇਕਲੌਤੀ ਬੱਚੀ ਹੈ। ਸਾਨਵੀ 8 ਸਾਲ ਦੀ ਉਮਰ 'ਚ ਕਈ ਉੱਚੀਆਂ ਚੋਟੀਆਂ ਨੂੰ ਸਰ ਕਰਨ ਤੋਂ ਬਾਅਦ ਚਰਚਾ 'ਚ ਆਈ ਸੀ। ਸਾਨਵੀ ਹੁਣ ਤੱਕ ਮਾਊਂਟ ਐਵਰੈਸਟ ਪਰਬਤ ਬੇਸ ਕੈਂਪ ਤੋਂ ਇਲਾਵਾ ਅਫਰੀਕਾ, ਰੂਸ, ਆਸਟਰੇਲੀਆ ਅਤੇ ਈਰਾਨ ਦੇ ਕਈ ਪਰਬਤਾਂ ਨੂੰ ਸਰ ਕਰ ਚੁੱਕੀ ਹੈ। ਰੂਪਨਗਰ ਦੀ ਸਾਨਵੀ ਸੂਦ ਯਾਦਵਿੰਦਰਾ ਪਬਲਿਕ ਸਕੂਲ ਮੁਹਾਲੀ ਤੋਂ ਸਿੱਖਿਆ ਪ੍ਰਾਪਤ ਕਰ ਰਹੀ ਹੈ।**

**ਨਵੀਂ ਦਿੱਲੀ :** ਰਾਸ਼ਟਰਪਤੀ ਦਰੋਪਦੀ ਮੁਰਮੂ ਨੇ ਵੀਰਵਾਰ 17 ਬੱਚਿਆਂ ਨੂੰ ਪ੍ਰਧਾਨ ਮੰਤਰੀ ਰਾਸ਼ਟਰੀ ਬਾਲ ਪੁਰਸਕਾਰ ਪ੍ਰਦਾਨ ਕੀਤੇ, ਜਿਨ੍ਹਾਂ ਨੇ ਲਾਸਾਨੀ ਹਿੰਮਤ ਤੇ ਦਲੇਰੀ ਦਿਖਾਈ ਅਤੇ ਕਲਾ, ਸੱਭਿਆਚਾਰ ਤੇ ਖੇਡਾਂ ਸਮੇਤ ਵੱਖ-ਵੱਖ ਖੇਤਰਾਂ 'ਚ ਸ਼ਾਨਦਾਰ ਪ੍ਰਾਪਤੀਆਂ ਕੀਤੀਆਂ ਹਨ। ਇਹ ਪੁਰਸਕਾਰ ਕਲਾ ਅਤੇ ਸੱਭਿਆਚਾਰ, ਬਹਾਦਰੀ, ਨਵੀਨਤਾ, ਵਿਗਿਆਨ ਅਤੇ ਤਕਨਾਲੋਜੀ, ਸਮਾਜ ਸੇਵਾ, ਖੇਡਾਂ ਅਤੇ ਵਾਤਾਵਰਨ ਸਮੇਤ ਸੱਤ ਵਰਗਾਂ 'ਚ ਬੇਮਿਸਾਲ ਪ੍ਰਾਪਤੀਆਂ ਲਈ ਦਿੱਤਾ ਜਾਂਦਾ ਹੈ।


14 ਰਾਜਾਂ ਅਤੇ ਕੇਂਦਰ ਸ਼ਾਸਤ ਪ੍ਰਦੇਸ਼ਾਂ ਵਿੱਚੋਂ ਚੁਣੇ ਗਏ ਸੱਤ ਮੁੰਡਿਆਂ ਅਤੇ 10 ਕੁੜੀਆਂ ਨੂੰ ਸਨਮਾਨ ਵਜੋਂ ਮੈਡਲ, ਸਰਟੀਫਿਕੇਟ ਅਤੇ ਪ੍ਰਸੰਸਾ ਪੱਤਰ ਦਿੱਤਾ ਗਿਆ। ਪੁਰਸਕਾਰ ਪ੍ਰਾਪਤ ਕਰਨ ਵਾਲਿਆਂ 'ਚ ਕਲਾ ਅਤੇ ਸੱਭਿਆਚਾਰ 'ਚ ਸ਼ਾਨਦਾਰ ਪ੍ਰਾਪਤੀਆਂ ਕਰਨ ਵਾਲੀ 14 ਸਾਲਾ ਦਿਵਿਆਂਗ ਲੇਖਿਕਾ ਕੇਆ ਹਤਕਰ, ਕਸ਼ਮੀਰ ਦਾ 12 ਸਾਲਾ ਸੂਫੀ ਗਾਇਕ ਅਯਾਨ ਸੱਜਾਦ, 'ਸੇਰੇਬ੍ਰਲ ਪਾਲਸੀ' ਨਾਮੀ ਬਿਮਾਰੀ ਤੋਂ ਪੀੜਤ 17 ਸਾਲਾ ਵਿਆਸ ਓਮ ਜਿਗਨੇਸ਼ ਸ਼ਾਮਲ ਹਨ। ਜਿਗਨੇਸ਼ ਨੂੰ ਇਹ ਸਨਮਾਨ ਸੰਸਕ੍ਰਿਤ ਸਾਹਿਤ ਵਿਚ ਉਸ ਦੇ ਯੋਗਦਾਨ ਲਈ ਦਿੱਤਾ ਗਿਆ ਹੈ।

ਬਹਾਦਰੀ ਸ਼੍ਰੇਣੀ 'ਚ ਨੌਂ ਸਾਲਾ ਸੌਰਵ ਕੁਮਾਰ ਨੂੰ ਤਿੰਨ ਕੁੜੀਆਂ ਨੂੰ ਡੁੱਬਣ ਤੋਂ ਬਚਾਉਣ ਲਈ ਸਨਮਾਨਤ ਕੀਤਾ ਗਿਆ, ਜਦਕਿ 17 ਸਾਲਾ ਇਓਨਾ ਥਾਪਾ ਨੂੰ ਇੱਕ ਫਲੈਟ ਦੇ 36 ਨਿਵਾਸੀਆਂ ਨੂੰ ਅੱਗ ਲੱਗਣ ਤੋਂ ਬਚਾਉਣ ਲਈ ਸਨਮਾਨਿਆ ਗਿਆ। ਨਵੀਨਤਾ ਲਈ ਸਿੰਧੂਰਾ ਰਾਜਾ (15) ਅਤੇ ਸਾਈਬਰ ਸੁਰੱਖਿਆ ਉੱਦਮੀ ਰਿਸ਼ਿਕ ਕੁਮਾਰ (17) ਨੂੰ ਪੁਰਸਕਾਰ ਦਿੱਤੇ ਗਏ। ਖੇਡ ਵਰਗ 'ਚ ਜੂਡੋ ਖਿਡਾਰੀ ਹੇਮਵਤੀ ਨਾਗ, ਸ਼ਤਰੰਜ ਖਿਡਾਰੀ ਅਨੀਸ ਸਰਕਾਰ ਅਤੇ ਰੂਪਨਗਰ (ਪੰਜਾਬ) ਦੀ 10 ਸਾਲਾ ਪਰਬਤਾਰੋਹੀ ਸਾਨਵੀ ਸੂਦ ਨੂੰ ਪ੍ਰਧਾਨ ਮੰਤਰੀ ਰਾਸ਼ਟਰੀ ਬਾਲ ਪੁਰਸਕਾਰ ਦਿੱਤਾ ਗਿਆ। ਰਾਸ਼ਟਰਪਤੀ ਮੁਰਮੂ ਨੇ ਪੁਰਸਕਾਰ ਜੇਤੂਆਂ ਨੂੰ ਵਧਾਈ ਦਿੱਤੀ ਅਤੇ ਇੱਕ ਪੀੜ੍ਹੀ ਨੂੰ ਉੱਤਮਤਾ ਹਾਸਲ ਕਰਨ ਤੇ ਸਮਾਜ 'ਚ ਯੋਗਦਾਨ

● ਬਾਕੀ ਸਫ਼ਾ 2 'ਤੇ

## ਰੰਗਦਾਰ ਵਿਸ਼ੇਸ਼ ਸਪਲੀਮੈਂਟ


ਮਨੀ ਸਿੰਗਲਾ
ਬਾਘਾ ਪੁਰਾਣਾ
73551-50910


ਅਜੇ ਅਰੋੜਾ
ਕੋਟ ਈਸੇ ਖਾਂ
99143-58312


ਦਿਨੇਸ਼ ਕੁਮਾਰ
ਗੁਰਦਾਸਪੁਰ
94655-83861

ਨਵੇਂ ਸਾਲ ਦੇ ਸ਼ੁੱਭ ਮੌਕੇ ਵਿਸ਼ੇਸ਼ ਸਪਲੀਮੈਂਟ ਪ੍ਰਕਾਸ਼ਤ ਕੀਤੇ ਜਾ ਰਹੇ ਹਨ। ਇਸ ਸੰਬੰਧੀ ਇਸ਼ਤਿਹਾਰ ਤੇ ਹੋਰ ਛਪਣਯੋਗ ਸਮੱਗਰੀ ਦੇਣ ਲਈ ਸਾਡੇ ਇਨ੍ਹਾਂ ਪੱਤਰਕਾਰਾਂ ਨਾਲ ਸੰਪਰਕ ਕੀਤਾ ਜਾਵੇ। —ਜਨਰਲ ਮੈਨੇਜਰ

## ਅੱਜ-ਨਾਮਾ

ਬੰਗਲਾਦੇਸ਼ ਤੇ ਪਾਕਿ ਦਾ ਜੋੜ ਜੁੜਿਆ,
ਜੁੜੀ ਆ ਦੋਵਾਂ ਦੀ ਸਾਂਝ ਦੀ ਤਾਰ ਬੇਲੀ।
ਹਰ ਇੱਕ ਗੱਲ ਸਾਂਝੀ ਦੋਵੇਂ ਕਰਨ ਲੱਗੇ,
ਜਾਗਿਆ ਪਹਿਲੜਾ ਕੋਈ ਪਿਆਰ ਬੇਲੀ।
ਭਾਰਤ ਨਾਲ ਕੋਈ ਦੋਵਾਂ ਦੀ ਸਾਂਝ ਨਾਹੀਂ,
ਚੱਲਦਾ ਰਹਿੰਦਾ ਏ ਨਿੱਤ ਤਕਰਾਰ ਬੇਲੀ।
ਦੋਵੇਂ ਤਰਫੀਂ ਇਹ ਖੜੇ ਈ ਮੁਲਕ ਦੋਵੇਂ,
ਵੱਸਦਾ ਭਾਰਤ ਹੈ ਦੋਵਾਂ ਵਿਚਕਾਰ ਬੇਲੀ।
ਦੋਵੇਂ ਨਕਸ਼ੇ 'ਤੇ ਰਹਿਣਗੇ ਜਗ੍ਹਾ ਇਹੀਉ,
ਲੱਗਾ ਭਾਰਤ ਵੀ ਕਿਤੇ ਨਹੀਂ ਜਾਣ ਬੇਲੀ।
ਦੁਵੱਲੀ ਕਿੜ ਘਟਾਈ ਨਹੀਂ ਗਈ ਜੇਕਰ,
ਨਤੀਜੇ ਬਾਰੇ ਨਹੀਂ ਲੋਕ ਅਣਜਾਣ ਬੇਲੀ।

-ਤੀਸ ਮਾਰ ਖਾਂ

## ਜੱਗੂ ਗੈਂਗ ਦਾ ਗੈਂਗਸਟਰ ਗੋਲੀਬਾਰੀ 'ਚ ਜ਼ਖਮੀ

**ਜਲੰਧਰ (ਸ਼ੈਲੀ ਐਲਬਰਟ, ਇਕਬਾਲ ਸਿੰਘ ਉੱਭੀ, ਰਵਿੰਦਰ ਸੱਭਰਵਾਲ)**

ਜੱਗੂ ਭਗਵਾਨਪੁਰੀਆ ਗੈਂਗ ਦਾ ਇੱਕ ਖੌਫਨਾਕ ਗੈਂਗਸਟਰ ਜ਼ਖਮੀ ਹੋ ਗਿਆ, ਜਦੋਂ ਉਸ ਨੇ ਭਾਰੀ ਮਾਤਰਾ ਵਿੱਚ ਹਥਿਆਰ ਲੈ ਕੇ ਪੁਲਸ ਹਿਰਾਸਤ ਵਿੱਚੋਂ ਭੱਜਣ ਦੀ ਕੋਸ਼ਿਸ਼ ਕੀਤੀ।ਪੁਲਸ ਕਮਿਸ਼ਨਰ ਸਵਪਨ ਸ਼ਰਮਾ ਨੇ ਦੱਸਿਆ ਕਿ ਸ਼ਹਿਰ ਵਾਸੀ ਵਿਵੇਕ ਮੱਟੂ ਉਰਫ਼ ਬਾਦਲ ਪੁੱਤਰ ਮਰਹੂਮ ਜਸਵੀਰ ਮੱਟੂ ਵਾਸੀ ਪੱਤੀ ਬੜੀ, ਜੰਡਿਆਲਾ 'ਤੇ ਦੋ ਗੈਂਗਸਟਰਾਂ ਮਨਜੀਤ ਸਿੰਘ ਅਤੇ ਅਮਨਦੀਪ ਸਿੰਘ ਨੇ ਹਮਲਾ ਕੀਤਾ ਸੀ। ਬਦਨਾਮ ਜੱਗੂ ਭਗਵਾਨਪੁਰੀਆ ਗੈਂਗ ਦੇ ਦੋਨੋਂ ਗੈਂਗਸਟਰਾਂ ਨੇ ਵਿਵੇਕ 'ਤੇ ਗੋਲੀਆਂ ਚਲਾ ਦਿੱਤੀਆਂ ਸਨ, ਜਿਸ ਨਾਲ ਉਹ ਜ਼ਖਮੀ ਹੋ ਗਿਆ ਸੀ। ਥਾਣਾ ਸਦਰ ਜਲੰਧਰ 'ਚ ਕੇਸ ਦਰਜ ਕੀਤਾ ਗਿਆ ਸੀ।ਪੁਲਸ ਕਮਿਸ਼ਨਰ ਨੇ ਦੱਸਿਆ ਕਿ ਪੁਲਸ ਵੱਲੋਂ ਦੋਵਾਂ ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕਰਨ ਤੋਂ ਬਾਅਦ ਇੱਕ ਹੋਰ ਮੁਲਜ਼ਮ ਦਵਿੰਦਰਪਾਲ ਸਿੰਘ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ। ਉਨ੍ਹਾ ਦੱਸਿਆ ਕਿ ਮਨਜੀਤ ਸਿੰਘ ਅਤੇ ਅਮਨਦੀਪ ਸਿੰਘ ਵੱਲੋਂ ਦਿੱਤੀ ਸੂਚਨਾ 'ਤੇ ਇੱਕ ਆਈ ਐੱਮ ਐੱਮ ਪਿਸਤੌਲ ਸਮੇਤ ਤਿੰਨ ਆਈ ਐੱਮ ਐੱਮ ਕਾਰਤੂਸ ਬਰਾਮਦ ਹੋਏ।ਇਹ ਅਪਰਾਧੀ ਕਤਲ, ਧਮਕੀਆਂ, ਫਿਰੌਤੀ ਅਤੇ ਹੋਰ ਕਈ ਅਪਰਾਧਿਕ ਗਤੀਵਿਧੀਆਂ ਵਿੱਚ ਸ਼ਾਮਲ ਸਨ। ਪੁਲਸ ਕਮਿਸ਼ਨਰ ਨੇ ਦੱਸਿਆ ਕਿ ਮਨਜੀਤ ਸਿੰਘ ਨੇ ਸਦਰ ਇਲਾਕੇ 'ਚ ਇੱਕ ਐੱਚ ਪੀ ਪੈਟਰੋਲ ਪੰਪ ਅਤੇ ਨਾਲ ਲੱਗਦੇ ਖਾਲੀ ਪਲਾਟ ਨੇੜੇ ਵਾਧੂ ਹਥਿਆਰਾਂ ਦੀ ਮੌਜੂਦਗੀ ਦਾ ਖੁਲਾਸਾ ਕੀਤਾ ਸੀ। ਉਨ੍ਹਾ ਦੱਸਿਆ ਕਿ ਜਦੋਂ ਪੁਲਸ ਪਾਰਟੀ ਉਨ੍ਹਾਂ ਨੂੰ ਮੌਕੇ 'ਤੇ ਲੈ ਕੇ ਗਈ ਤਾਂ ਮਨਜੀਤ ਸਿੰਘ ਨੇ ਪੁਲਸ ਪਾਰਟੀ 'ਤੇ ਲੁਕਾਏ ਹਥਿਆਰਾਂ ਨਾਲ ਗੋਲੀਆਂ ਚਲਾ ਦਿੱਤੀਆਂ।

ਸਵੈ-ਰੱਖਿਆ ਵਿੱਚ ਪੁਲਸ ਨੇ ਜਵਾਬੀ ਕਾਰਵਾਈ ਕੀਤੀ, ਜਿਸ ਦੇ ਨਤੀਜੇ ਵਜੋਂ ਮੁਕਾਬਲੇ ਦੌਰਾਨ ਲਗਭਗ 15 ਰੌਂਦ ਦਾ ਅਦਾਨ-ਪ੍ਰਦਾਨ ਹੋਇਆ। ਇਸ ਦੌਰਾਨ ਮੁਲਜ਼ਮ ਜ਼ਖ਼ਮੀ ਹੋ ਗਿਆ। ਪੁਲਸ ਨੇ ਅੱਠ ਰੌਂਦ ਸਮੇਤ ਪੰਜ ਵਾਧੂ 32 ਬੋਰ ਦੇ ਹਥਿਆਰ ਬਰਾਮਦ ਕੀਤੇ ਹਨ।



ਨਵਾਂ ਜ਼ਮਾਨਾ
ਸ਼ੁੱਕਰਵਾਰ, 27 ਦਸੰਬਰ 2024

# ਖਟਾਰਾ ਡਬਲ ਇੰਜਣ

*ਪ੍ਰਧਾਨ ਮੰਤਰੀ ਨਰਿੰਦਰ ਮੋਦੀ ਥਾਪੀਆਂ ਮਾਰ ਕੇ ਕਹਿੰਦੇ ਹਨ ਕਿ ਭਾਰਤ ਛੇਤੀ ਹੀ ਦੁਨੀਆ ਦੀ ਤੀਜੀ ਤਾਕਤ ਬਣ ਜਾਵੇਗਾ। ਉਹ ਡਬਲ ਇੰਜਣ ਸਰਕਾਰਾਂ ਦਾ ਜ਼ਿਕਰ ਨਿਰੰਤਰ ਕਰਦੇ ਹਨ, ਯਾਨਿ ਕਿ ਕੇਂਦਰ ਦੀ ਤਰ੍ਹਾਂ ਰਾਜਾਂ ਵਿੱਚ ਵੀ ਭਾਜਪਾ ਜਾਂ ਐੱਨ ਡੀ ਏ ਦੀ ਪਾਰਟੀ ਵਾਲੀ ਸਰਕਾਰ ਹੋਵੇਗੀ ਤਾਂ ਰਾਜ ਬਹੁਤ ਤਰੱਕੀ ਕਰਨਗੇ, ਪਰ ਉਨ੍ਹਾ ਦੇ ਡਬਲ ਇੰਜਣ ਦੀ ਪੋਲ ਮੱਧ ਪ੍ਰਦੇਸ਼ ਸਰਕਾਰ ਹੀ ਖੋਲ੍ਹ ਰਹੀ ਹੈ, ਜਿੱਥੇ 21 ਸਾਲਾਂ ਵਿੱਚ ਕਮਲਨਾਥ ਦੀ ਸਵਾ ਸਾਲ ਦੀ ਕਾਂਗਰਸ ਸਰਕਾਰ ਨੂੰ ਛੱਡ ਦੇਈਏ ਤਾਂ ਭਾਜਪਾ ਹੀ ਰਾਜ ਕਰ ਰਹੀ ਹੈ। ਸਾਲ ਦੀ ਔਸਤ ਕੱਢੀ ਜਾਵੇ ਤਾਂ ਮੱਧ ਪ੍ਰਦੇਸ਼ ਸਰਕਾਰ ਹਰ ਮਹੀਨੇ ਖਟਾਰਾ ਇੰਜਣ ਨੂੰ ਖਿੱਚਣ ਲਈ ਪੰਜ ਹਜ਼ਾਰ ਕਰੋੜ ਰੁਪਏ ਕਰਜ਼ਾ ਚੁੱਕ ਰਹੀ ਹੈ। 13 ਦਸੰਬਰ 2023 ਨੂੰ ਮੋਹਨ ਯਾਦਵ ਨੇ ਨਵੇਂ ਮੁੱਖ ਮੰਤਰੀ ਵਜੋਂ ਵਾਗਡੋਰ ਸੰਭਾਲੀ ਸੀ ਤੇ ਉਦੋਂ ਤੋਂ ਕੋਈ ਮਹੀਨਾ ਅਜਿਹਾ ਨਹੀਂ ਲੰਘਿਆ, ਜਦੋਂ ਸਰਕਾਰ ਨੂੰ ਰੇੜ੍ਹਨ ਲਈ ਕਰਜ਼ਾ ਨਾ ਲੈਣਾ ਪਿਆ ਹੋਵੇ। ਸਰਕਾਰ ਸਾਢੇ 52 ਹਜ਼ਾਰ ਕਰੋੜ ਦਾ ਕਰਜ਼ਾ ਚੁੱਕ ਚੁੱਕੀ ਹੈ। ਸਰਕਾਰ ਦੀ ਵੱਡੀ ਰਕਮ ਵੋਟਾਂ ਬਟੋਰਨ ਲਈ 'ਲਾਡਲੀ ਬਹਨਾ' ਯੋਜਨਾ 'ਤੇ ਖਰਚ ਹੋ ਰਹੀ ਹੈ। ਸਰਕਾਰ 'ਲਾਡਲੀ ਬਹਨ' ਨੂੰ 1250 ਰੁਪਏ ਮਹੀਨਾ ਦਿੰਦੀ ਹੈ। ਇੱਕ ਕਰੋੜ 31 ਲੱਖ ਭੈਣਾਂ ਨੂੰ ਰਕਮ ਦਿੱਤੀ ਜਾ ਰਹੀ ਹੈ। ਮੋਟੇ ਤੌਰ 'ਤੇ ਹਰ ਮਹੀਨੇ 1638 ਕਰੋੜ ਸਰਕਾਰੀ ਖਜ਼ਾਨੇ 'ਤੇ ਬੋਝ ਪੈਂਦਾ ਹੈ। ਸਾਲਾਨਾ ਦੇ ਹਿਸਾਬ ਨਾਲ ਇਹ 19 ਹਜ਼ਾਰ 650 ਕਰੋੜ ਰੁਪਏ ਬਣਦੇ ਹਨ। ਹਾਲਾਤ ਇਹੀ ਰਹੇ ਤਾਂ ਮੱਧ ਪ੍ਰਦੇਸ਼ ਸਰਕਾਰ 'ਤੇ 31 ਮਾਰਚ 2025 ਤੱਕ 4 ਲੱਖ 21 ਹਜ਼ਾਰ ਕਰੋੜ ਰੁਪਏ ਦਾ ਕਰਜ਼ਾ ਚੜ੍ਹ ਜਾਵੇਗਾ। ਬੇਹਤਾਸ਼ਾ ਕਰਜ਼ੇ 'ਤੇ ਵਿਆਜ ਵੀ ਹਾਲਤ ਖਰਾਬ ਕਰ ਰਿਹਾ ਹੈ। ਖਜ਼ਾਨੇ ਵਿੱਚ ਪੈਸੇ ਨਾ ਹੋਣ ਕਰਕੇ ਵਿੱਤ ਮੰਤਰਾਲਾ ਆਏ ਦਿਨ 'ਇੱਧਰ ਦੀ ਟੋਪੀ ਉੱਧਰ' ਪਾ ਰਿਹਾ ਹੈ। ਕਈ ਵਿਕਾਸ ਕਾਰਜ ਟਾਲਣੇ ਪੈ ਰਹੇ ਹਨ। ਵਿੱਤ ਮੰਤਰਾਲੇ ਨੇ ਪਿਛਲੇ ਕੁਝ ਮਹੀਨਿਆਂ ਵਿੱਚ ਕਈ ਹੁਕਮ ਕੱਢੇ ਹਨ ਕਿ ਉਸ ਨੂੰ ਪੁੱਛੇ ਬਿਨਾਂ ਭੁਗਤਾਨ ਨਾ ਕੀਤੇ ਜਾਣ। ਹਾਲਤ ਨਿੱਘਰ ਰਹੀ ਹੈ, ਪਰ ਵਿੱਤ ਮੰਤਰੀ ਜਗਦੀਸ਼ ਦੇਵੜਾ ਫਰਮਾ ਰਹੇ ਹਨ ਕਿ ਸਭ ਕੁਝ ਕੰਟਰੋਲ ਵਿੱਚ ਹੈ। ਸਰਕਾਰ ਦੀ ਸਮਰੱਥਾ ਹੈ ਤਾਂ ਹੀ ਕਰਜ਼ ਮਿਲ ਰਿਹਾ ਹੈ। ਸਥਿਤੀ ਕੰਟਰੋਲ ਵਿੱਚ ਨਾ ਹੁੰਦੀ ਤਾਂ ਕਰਜ਼ਾ ਨਹੀਂ ਮਿਲਣਾ ਸੀ।*

*ਪ੍ਰਧਾਨ ਮੰਤਰੀ ਨੇ ਹਰਿਆਣਾ ਅਸੰਬਲੀ ਚੋਣਾਂ ਵਿੱਚ ਪ੍ਰਚਾਰ ਕਰਦਿਆਂ ਟਾਂਚ ਕੀਤੀ ਸੀ ਕਿ ਹਿਮਾਚਲ ਦੀ ਕਾਂਗਰਸ ਸਰਕਾਰ ਨੇ ਵੱਡੀਆਂ-ਵੱਡੀਆਂ ਗਰੰਟੀਆਂ ਦੇ ਕੇ ਜਲੂਸ ਕਢਾ ਲਿਆ ਹੈ ਤੇ ਉਸ ਨੂੰ ਮੁਲਾਜ਼ਮਾਂ ਦੀਆਂ ਤਨਖਾਹਾਂ ਵਕਤ ਸਿਰ ਨਹੀਂ ਦੇ ਹੋ ਰਹੀਆਂ। ਹਿਮਾਚਲ 'ਚ ਕਾਂਗਰਸ ਕੁਝ ਸਾਲ ਪਹਿਲਾਂ ਸੱਤਾ ਵਿੱਚ ਆਈ ਹੈ, ਪ੍ਰਧਾਨ ਮੰਤਰੀ ਦਹਾਕਿਆਂ ਤੋਂ ਚੱਲ ਰਹੀ ਮੱਧ ਪ੍ਰਦੇਸ਼ ਦੀ ਭਾਜਪਾ ਸਰਕਾਰ ਬਾਰੇ ਕੀ ਕਹਿਣਾ ਚਾਹੁੰਣਗੇ। ਆਰਥਕ ਮਾਮਲਿਆਂ ਦੇ ਮਾਹਰ ਤਾਂ ਇਹ ਵੀ ਕਹਿ ਰਹੇ ਹਨ ਕਿ ਕੇਂਦਰ ਸਰਕਾਰ ਲਈ ਵੀ ਮੱਧ ਪ੍ਰਦੇਸ਼ ਦੀ ਮਦਦ ਕਰਨਾ ਸੰਭਵ ਨਹੀਂ, ਕਿਉਂਕਿ ਉਸ ਦੇ ਸਿਰ ਵੀ ਕਰਜ਼ਾ ਬਹੁਤ ਚੜ੍ਹ ਚੁੱਕਾ ਹੈ। ਜਿਹੜੀ ਕੇਂਦਰ ਸਰਕਾਰ ਨੂੰ ਪੁਰਾਣੀ ਕਾਰ ਦੀ ਵਿਕਰੀ 'ਤੇ ਜੀ ਐੱਸ ਟੀ ਲਾਉਣਾ ਪੈ ਜਾਵੇ, ਉਹ ਕਿਸੇ ਹੋਰ ਦੀ ਮਦਦ ਕੀ ਕਰੇਗੀ। ਮੱਧ ਪ੍ਰਦੇਸ਼ ਮਿਸਾਲ ਪੇਸ਼ ਕਰ ਰਿਹਾ ਹੈ ਕਿ ਮੋਦੀ ਦਾ ਡਬਲ ਇੰਜਣ ਕਿਵੇਂ ਚਲਦਾ ਹੈ।*

# ਅਸਲੀ ਕੌਣ ਤੇ ਨਕਲੀ ਕੌਣ

**ਮੂਲ : ਮੈਥਿਊ ਜੌਹਨ**
**ਅਨੁਵਾਦ - ਪੁਸ਼ਪਿੰਦਰ**

ਵਿਸ਼ਵ ਦੇ ਇਹਨਾਂ ਦੋ ਮੁੱਖ ਨੇਤਾਵਾਂ ਦੀ ਤੁਲਨਾ ਕਰਨੀ ਜ਼ਰੂਰੀ ਹੈ। 2015 ਵਿਚ ਜਦ ਤੋਂ ਡੋਨਾਲਡ ਟਰੰਪ ਦੁਨੀਆ ਦੀ ਸਿਆਸਤ ਦੇ ਨਕਸ਼ੇ ਉਪਰ ਇੱਕ ਤੂਫਾਨ ਦੀ ਤਰ੍ਹਾਂ ਸਰਗਰਮ ਹੋਇਆ ਸੀ, ਉਸ ਨੇ ਦਾਅਵਾ ਕੀਤਾ ਸੀ ਕਿ ਦੇਸ਼ ਵਿਚੋਂ ਗੰਦ ਨੂੰ ਸਾਫ ਕਰਕੇ ਸੰਯੁਕਤ ਰਾਜ ਅਮਰੀਕਾ ਨੂੰ ਫਿਰ ਤੋਂ ਮਹਾਨ ਦੇਸ਼ ਬਣਾ ਦੇਵੇਗਾ। (MAGA – make america great again) ਦਾ ਨਾਅਰਾ ਲੈ ਕੇ ਸਿਆਸਤ ਦੇ ਮੈਦਾਨ ਵਿਚ ਨਿਤਰਿਆ ਸੀ । ਉਸ ਦਾ ਮੁਕਾਬਲਾ ਵਿਸ਼ਵ ਗੁਰੂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨਾਲ ਕਰਨ ਦੀ ਤਮੰਨਾ ਹਮੇਸ਼ਾ ਦਿਮਾਗ ਵਿਚ ਰਹਿੰਦੀ ਹੈ, ਕਿਉਂਕਿ ਦੋਨਾਂ ਸ਼ਖਸ਼ੀਅਤਾਂ ਵਿਚ ਬਹੁਤ ਸਾਰੀਆਂ ਸਮਾਨਤਾਵਾਂ ਮਿਲਦੀਆਂ ਹਨ । ਮੋਦੀ ਜੀ ਨੇ ਵੀ ਦੇਸ਼ ਦੇ ਸਥਾਪਤ ਰਾਜ ਪ੍ਰਬੰਧ ਨੂੰ ਬਦਲਣ ਦਾ ਨਿਸਚਾ ਕੀਤਾ ਸੀ ।

'ਆਤਮ ਨਿਰਭਰ ਭਾਰਤ', 'ਪਹਿਲਾਂ ਭਾਰਤ', 'ਸਰਕਾਰ ਛੋਟੀ ਕੰਮ ਵੱਡੇ', ਆਦਿ ਟਰੰਪ ਦੀ ਬਿਆਨਬਾਜ਼ੀ ਵਰਗੇ ਦੇਸੀ ਨਾਅਰੇ ਲੈ ਕੇ ਨਰਿੰਦਰ ਮੋਦੀ ਆਇਆ ਸੀ। ਦੋਨਾਂ ਦਰਮਿਆਨ ਇਹ ਇੱਕ ਨੁਕਸਾਨਹੀਣ, ਦਿਖਾਵਟੀ ਮੁਢਲੀ ਸਮਾਨਤਾ ਹੈ, ਪਰ ਇਨ੍ਹਾਂ ਦੋ ਵੱਡੇ ਪ੍ਰਸਿੱਧ ਨੇਤਾਵਾਂ ਵਿਚਕਾਰ ਵਿਚਾਰਧਾਰਕ ਪੱਧਰ 'ਤੇ ਜੋ ਸਮਾਨਤਾ ਮਿਲਦੀ ਹੈ, ਉਹ ਬਹੁਤ ਡਰਾਵਣੀ ਤੇ ਭਿਆਨਕ ਹੈ । ਬਿਨਾਂ ਸ਼ੱਕ ਇਨ੍ਹਾਂ ਬੀਤੇ ਦਹਾਕੇ ਦੌਰਾਨ ਆਪਣੇ ਖੇਤਰ ਵਿਚ ਬਹੁਤ ਪ੍ਰਭਾਵਸ਼ਾਲੀ ਪ੍ਰਦਰਸ਼ਨ ਕੀਤਾ ਹੈ। ਅਮਰੀਕਾ ਅਤੇ ਭਾਰਤ ਦੋਨੋਂ ਬਹੁ-ਜਾਤੀ, ਬਹੁ-ਨਸਲੀ, ਵਿਭਿੰਨਤਾ ਭਰਪੂਰ ਸੱਭਿਆਚਾਰਕ ਸਮਾਜ ਹਨ । ਇਹ ਦੋਨੋਂ ਸਮਾਜ ਦੇ ਇੱਕ ਪੱਖ ਦੀ ਨੁਮਾਇੰਦਗੀ ਕਰਨ ਵਾਲੇ ਧਾਰਮਿਕ ਕੱਟੜਪੰਥੀ ਨੇਤਾ ਹਨ । ਬਹੁਤ ਸਾਰੇ ਰੰਗਾਂ ਨਾਲ ਸੁਸ਼ੋਭਿਤ ਸਮਾਜ ਦੀ ਤਸਵੀਰ ਨੂੰ ਲੀਰੋਲੀਰ ਕਰਕੇ ਇੱਕੋ ਵਿਆਪਕ ਰੰਗ ਨਾਲ ਪੋਚਾ ਮਾਰਨ ਵਾਲੇ ਕਲਾਕਾਰ । ਇਹ ਵਿਚਾਰਧਾਰਾ ਇੱਕ ਧਰਮ-ਨਿਰਪੱਖ, ਜਮਹੂਰੀ ਸਮਾਜ ਦੀ ਹਾਮੀ ਨਹੀਂ ਭਰਦੀ ।

ਟਰੰਪ ਅਮਰੀਕਾ ਵਿਚ ਗੋਰੀ ਜਾਤ ਨੂੰ ਸਭ ਤੋਂ ਉਤਮ ਸਮਝਦਾ ਹੈ, ਕੱਟੜ-ਰਾਸ਼ਟਰਵਾਦ ਅਤੇ ਸੱਜੇ-ਪੱਖੀ ਰਾਜਨੀਤੀ ਦਾ ਪ੍ਰਚਾਰਕ ਹੈ। ਦੂਸਰੇ ਪਾਸੇ ਉਸ ਵਰਗੀ ਮਾਨਸਿਕਤਾ ਵਾਲਾ ਮੋਦੀ ਸੰਘ ਪਰਵਾਰ ਦੀ ਹਿੰਦੂਤਵ ਦਾ ਪੈਰੋਕਾਰ ਹੈ, ਜੋ ਭਾਰਤ ਦੇਸ਼ ਨੂੰ ਹਿੰਦੂ ਰਾਸ਼ਟਰ ਬਣਾਉਣਾ ਚਾਹੁੰਦੇ ਹਨ ।

ਕਮਜ਼ੋਰ ਵਿਅਕਤੀ ਹਮੇਸ਼ਾ ਅੰਦਰੋਂ ਡਰਾਕਲ ਤਬੀਅਤ ਦਾ ਮਾਲਕ ਹੁੰਦਾ ਹੈ। ਲੋਕਤੰਤਰ ਸਭ ਨੂੰ ਬਰਾਬਰ ਦਾ ਮੈਦਾਨ ਮੁਹੱਈਆ ਕਰਦਾ ਹੈ, ਪਰ ਇਹ ਦੋਨੋਂ ਵਿਅਕਤੀ ਕਿਸੇ ਵੀ ਕੀਮਤ 'ਤੇ ਕੁਰਸੀ ਨਾਲ ਚੰਬੜੇ ਰਹਿਣਾ ਚਾਹੁੰਦੇ ਹਨ, ਇਸ ਲਈ ਭਾਵੇਂ ਇਨ੍ਹਾਂ ਨੂੰ ਕੋਈ ਵੀ ਕੀਮਤ ਤਾਰਨੀ ਪਵੇ । ਕਿਉਂ ਨਾ ਭਾਂਵੇਂ ਆਪਣੇ ਹੀ ਦੇਸ਼ ਦੇ ਲੋਕਾਂ ਨੂੰ ਧਰਮ ਦੇ ਨਾਂਅ 'ਤੇ, ਜਾਤ ਜਾਂ ਰੰਗ-ਨਸਲ ਦੇ ਨਾਂਅ 'ਤੇ ਲੜਾਉਣਾ ਪਵੇ। ਇਹ ਇੱਕ ਅਜਿਹਾ ਖੇਤਰ ਹੈ, ਜਿਹਦੇ ਵਿਚ ਦੋਨਾਂ ਨੇ ਸਫਲਤਾ ਪ੍ਰਾਪਤ ਕੀਤੀ ਹੈ। ਇਨ੍ਹਾਂ ਸਿਆਸਤ ਦੀ ਨਵੀਂ ਸ਼ੈਲੀ ਵਿਕਸਤ ਕਰ ਲਈ ਹੈ, ਜਿਸ ਨੂੰ ਨਾਓਮੀ ਕਲੀਨ ਨੇ ਫਾਸ਼ੀ ਮਸਖਰਾ ਸਟੇਟ (fascist clown state) ਦਾ ਨਾਂਅ ਦਿੱਤਾ ਹੈ । ਅਜਿਹਾ ਰਾਸ਼ਟਰ ਅੱਤਿਆਚਾਰ, ਭਾਈ-ਭਤੀਜਾਵਾਦ, ਤਮਾਸ਼ਾਬਾਜ਼ੀ, ਝੂਠ ਅਤੇ ਜ਼ੁਮਲੇਬਾਜ਼ੀ ਦੀਆਂ ਨੀਹਾਂ 'ਤੇ ਉਸਾਰਿਆ ਜਾਂਦਾ ਹੈ ।

ਕੱਟੜ ਸੱਜੇ-ਪੱਖੀ ਵਿਚਾਰਾਂ ਵਾਲੇ ਸਵੈ-ਉਸਤਤ ਦੇ ਸ਼ੌਕੀਨ ਇਹ ਨੇਤਾ ਧਰਮ , ਨਸਲ ਅਤੇ ਹੋਰ ਸਮਾਜਿਕ ਕਮਜ਼ੋਰੀਆਂ ਦੇ ਹਥਿਆਰ ਵਰਤ ਕੇ ਜਨਤਾ ਦੇ ਜਜ਼ਬਾਤਾਂ ਨੂੰ ਭੜਕਾਉਣ ਦੇ ਮਾਹਰ ਹਨ । ਟਰੰਪ ਤਾਂ ਗੈਰ-ਗੋਰੇ ਰੰਗ ਦੇ ਸ਼ਰਨਾਰਥੀਆਂ ਅਤੇ ਮੁਸਲਮਾਨਾਂ ਨੂੰ ਰੱਜ ਕੇ ਜ਼ਲੀਲ ਕਰਦਾ ਹੈ । ਸਰਵ-ਸ੍ਰੇਸ਼ਠ ਗੋਰਿਆਂ ਦੀ ਪੂਰੀ ਚਾਪਲੂਸੀ ਕਰਦਾ ਹੈ ਅਤੇ ਇਨ੍ਹਾਂ ਦੀ ਜਥੇਬੰਦੀ 'ਕੂ ਕਲਸਕ ਕਲੈਨ' ਦੀ ਹਮਾਇਤ ਕਰਦਾ ਹੈ। ਟਰੰਪ ਦਾ ਪਿਤਾ ਇਸ ਟੋਲੇ ਦਾ ਮੈਂਬਰ ਵੀ ਸੀ ।

ਇਸੇ ਤਰੀਕੇ ਦੇ ਨਾਲ ਹੀ ਮੋਦੀ ਨੇ ਇਸਲਾਮ ਦੇ ਖਿਲਾਫ ਸੰਘ ਪਰਵਾਰ ਦੀ ਮੁਹਿੰਮ ਨੂੰ ਸਫਲਤਾਪੂਰਵਕ ਨੇਪਰੇ ਚਾੜ੍ਹਿਆ ਹੈ। 'ਪਹਿਲਾਂ ਇੱਕ ਨਾਲ ਨਜਿੱਠੋ' ਦੀ ਨੀਤੀ ਤਹਿਤ ਪਹਿਲਾਂ ਮੁਸਲਮਾਨਾਂ ਦੀ ਵਾਰੀ ਹੈ, ਈਸਾਈਆਂ ਨੂੰ ਬਾਅਦ ਵਿਚ ਦੇਖਾਂਗੇ , ਭਾਵੇਂ ਮਨੀਪੁਰ ਵਿਚ ਈਸਾਈਆਂ ਨੂੰ ਆਪਣੀ ਵਾਰੀ ਦੇ ਸੰਕੇਤ ਮਿਲ ਰਹੇ ਹਨ ।

ਟਰੰਪ ਅਤੇ ਮੋਦੀ ਦੇ ਇਤਿਹਾਸ ਨੂੰ ਦੇਖਦਿਆਂ ਉਨ੍ਹਾਂ ਦੇ ਚੋਰਤੰਤਰੀ ਤਾਨਾਸ਼ਾਹੀ ਅਤੇ ਮਾਫੀਆ ਸਟੇਟ ਵਿਚ ਵਿਸ਼ਵਾਸ ਦਾ ਪੂਰਨ ਗਿਆਨ ਹੋ ਜਾਂਦਾ ਹੈ । ਅਜਿਹੇ ਰਾਜ ਵਿਚ ਰਾਜਾ ਹੀ ਪ੍ਰਮੁਖ ਹੁੰਦਾ ਹੈ ਅਤੇ ਉਸ ਦੀਆਂ ਲਾਲਸਾਵਾਂ ਦਾ ਧਿਆਨ ਰੱਖਣਾ ਸਭ ਤੋਂ ਜ਼ਰੂਰੀ ਕਰਮ ਹੁੰਦਾ ਹੈ। ਸਭ ਤੋਂ ਮਹਤੱਵਪੂਰਨ ਚੀਜ਼ ਰਾਜੇ ਪ੍ਰਤੀ ਵਫਾਦਾਰੀ ਹੈ । ਉਨ੍ਹਾ ਦੀ ਨਜ਼ਰ ਹੇਠ ਦੇਸ਼ ਦੀ ਕਰ ਪ੍ਰਣਾਲੀ ਅਤੇ ਸੰਸਥਾਗਤ ਵਿਵਸਥਾ ਨੂੰ ਇਸ ਤਰ੍ਹਾਂ ਉਲੀਕਿਆ ਜਾਂਦਾ ਹੈ ਕਿ ਉਹਨਾ ਦੇ ਪਰਵਾਰ ਅਤੇ ਦੋਸਤਾਂ ਦੇ ਖਜ਼ਾਨੇ ਭਰੇ ਰਹਿਣ , ਆਮ ਆਦਮੀ ਗਰੀਬ ਤੋਂ ਗਰੀਬ ਹੁੰਦਾ ਜਾਵੇ, ਕੋਈ ਪਰਵਾਹ ਨਹੀਂ ।

ਭਾਈ-ਭਤੀਜਾਵਾਦ ਦੇ ਮਾਮਲੇ ਵਿਚ ਤਾਂ ਟਰੰਪ ਪੂਰਾ ਬੇਸ਼ਰਮ ਹੈ । ਉਹ ਆਪਣੇ ਕਾਰਪੋਰੇਟਰ ਮਿੱਤਰਾਂ ਦਾ ਪੂਰਾ ਖਿਆਲ ਰੱਖਦਾ ਹੈ। ਦੂਸਰੀ ਵਾਰ ਰਾਸ਼ਟਰਪਤੀ ਚੁਣੇ ਜਾਣ ਤੋਂ ਫੌਰਨ ਬਾਅਦ ਉਸ ਨੇ ਆਪਣੀ ਧੀ ਦੇ ਸਹੁਰੇ ਨੂੰ ਫਰਾਂਸ ਵਿਚ ਅਮਰੀਕੀ ਰਾਜਦੂਤ ਨਿਯੁਕਤ ਕਰ ਦਿੱਤਾ ਹੈ । ਉਹ ਵਿਅਕਤੀ ਇੱਕ ਘੋਸ਼ਿਤ ਅਪਰਾਧੀ ਹੈ ਜਿਸ ਦੀ ਸਜ਼ਾ ਟਰੰਪ ਨੇ 2020 ਵਿਚ ਆਪਣੀ ਪਹਿਲੀ ਵਾਰੀ ਦੇ ਅੰਤ ਵਿਚ ਮਾਫ ਕੀਤੀ ਸੀ।

ਮੋਦੀ ਨੇ ਦੇਸ਼ ਦੇ ਖਜ਼ਾਨੇ ਉਪਰ ਜੀ ਐੱਸ ਟੀ ਰਾਹੀਂ ਪੂਰੀ ਤਰ੍ਹਾਂ ਕਬਜ਼ਾ ਕੀਤਾ ਹੋਇਆ ਹੈ । ਦਸ ਸਾਲ ਹੋ ਗਏ ਹਨ ਮੋਦੀ ਜੀ ਦੀ ਇੱਛਾ ਮੁਤਾਬਕ ਖਰਚ ਕੀਤਾ ਜਾਂਦਾ ਹੈ । ਦੇਸ਼ ਦਾ ਵਿੱਤ ਵਿਭਾਗ, ਰਿਜ਼ਰਵ ਬੈਂਕ, ਸਰਕਾਰ ਦੀਆਂ ਹੋਰ ਸੰਸਥਾਵਾਂ ਦੇਸ਼ ਦੇ ਖਜ਼ਾਨੇ ਨੂੰ ਲੁੱਟ ਰਹੀਆਂ ਹਨ , ਆਪਣੇ ਦੋਸਤਾਂ ਦਾ ਜਨਤਕ ਬੈਂਕਾਂ ਤੋਂ ਲਿਆ ਹਜ਼ਾਰਾਂ ਕਰੋੜਾਂ ਦਾ ਕਰਜ਼ਾ ਮਾਫ ਕਰ ਦਿੱਤਾ ਜਾਂਦਾ ਹੈ । ਦੇਸ਼ ਦੇ ਹਵਾਈ ਅੱਡੇ, ਸਮੁੰਦਰੀ ਬੰਦਰਗਾਹਾਂ ਆਪਣੇ ਦੋਸਤ ਨੂੰ ਤੋਹਫੇ ਵਜੋਂ ਦਿੱਤੇ ਜਾ ਰਹੇ ਹਨ । ਜਨਤਾ ਦਾ ਪੈਸਾ ਸਟਾਕ ਮਾਰਕਿਟ ਵਿਚ ਖਰਚਿਆ ਜਾ ਰਿਹਾ ਹੈ, ਜਿਸ ਦਾ ਕੰਟਰੋਲ ਕਾਰਪੋਰੇਟ ਮਾਫੀਆ ਕਰ ਰਿਹਾ ਹੈ । ਜੀ ਐੱਸ ਟੀ ਰਾਹੀਂ ਅਥਾਹ ਪੈਸਾ ਆ ਰਿਹਾ ਹੈ, ਬਹੁਤਾ ਪੈਸਾ ਆਮ ਲੋਕਾਂ ਦਾ ਹੈ, ਉਹ ਪੈਸਾ ਵੱਡੇ-ਵੱਡੇ ਪ੍ਰਾਜੈਕਟਾਂ ਉਪਰ ਖਰਚ ਹੋ ਰਿਹਾ ਹੈ, ਜਿਨ੍ਹਾਂ ਦੇ ਠੇਕੇਦਾਰ ਵਿਸ਼ਵ ਪ੍ਰਸਿੱਧ ਗੁਜਰਾਤੀ ਹਨ ।

ਜ਼ਮੀਰ ਰਹਿਤ ਨੇਤਾ ਹਨ ਇਹ ਦੋਨੋਂ। ਸੰਪੂਰਨ ਝੂਠ ਦੇ ਇਨ੍ਹਾਂ ਵਪਾਰੀਆਂ ਨੇ ਕੋਵਿਡ ਮਹਾਂਮਾਰੀ ਦੌਰਾਨ ਆਪਣੀਆਂ ਅਸਫਲਤਾਵਾਂ ਨੂੰ ਝੁਠਲਾਉਣ ਦੀ ਭਰਪੂਰ ਕੋਸ਼ਿਸ਼ ਕੀਤੀ ਹੈ। ਟਰੰਪ ਨੇ ਬਿਮਾਰੀ ਨੂੰ ਮਾਮੂਲੀ ਬੁਖਾਰ ਦਾ ਨਾਂਅ ਦਿੱਤਾ ਸੀ, ਕੋਵਿਡ ਟੈਸਟਿੰਗ ਤੇ ਮਾਸਕ ਪਹਿਨਣ ਨੂੰ ਫਾਲਤੂ ਕਿਹਾ ਸੀ । ਉਸ ਨੇ ਕਬੂਲ ਕੀਤਾ ਕਿ ਮਾਮੂਲੀ ਬੁਖਾਰ ਇਸ ਲਈ ਕਿਹਾ ਸੀ ਕਿ ਲੋਕ ਘਬਰਾ ਨਾ ਜਾਣ । ਲੋਕ ਘਬਰਾਏ ਤਾਂ ਨਹੀਂ, ਮਰ ਜ਼ਰੂਰ ਗਏ। ਦੁਨੀਆ ਦੀ ਕੁਲ ਵਸੋਂ ਦਾ ਕੇਵਲ ਚਾਰ ਪ੍ਰਤੀਸ਼ਤ ਲੋਕ ਅਮਰੀਕਾ ਵਿਚ ਰਹਿੰਦੇ ਹਨ। ਦੁਨੀਆ ਵਿਚ ਕੋਵਿਡ ਕਾਰਨ ਕੁਲ ਮਰਨ ਵਾਲਿਆਂ ਵਿਚ ਵੀਹ ਪ੍ਰਤੀਸ਼ਤ ਲੋਕ ਅਮਰੀਕਾ ਦੇ ਨਾਗਰਿਕ ਸਨ । ਇਹ ਸਭ ਟਰੰਪ ਦੇ ਰਾਜ ਦੌਰਾਨ ਵਾਪਰਿਆ ਸੀ, ਪਰ ਉਹ ਅਜੇ ਵੀ ਕੋਵਿਡ ਦੌਰਾਨ ਆਪਣੇ ਕਾਰਨਾਮਿਆਂ ਦੀ ਸ਼ੇਖੀ ਮਾਰਨੋਂ ਨਹੀਂ ਟਲਦਾ।

ਜਾਅਲੀਪਣ ਦੇ ਮੋਦੀ ਜੀ ਹੋਰ ਵੀ ਮਾਹਰ ਹਨ । ਦਾਅਵਾ ਕਰਦੇ ਹਨ ਕਿ ਜ਼ਰੂਰਤਮੰਦ ਦੇਸ਼ਾਂ ਨੂੰ ਵੈਕਸੀਨ ਦੇ ਟੀਕੇ ਦੇ ਕੇ ਉਸ ਨੇ ਮਾਨਵਤਾ ਦੀ ਸੇਵਾ ਕੀਤੀ ਹੈ । ਦੁਖਾਂਤਕ ਪੱਖ ਇਹ ਹੈ ਕਿ ਉਸ ਦੇ ਅਚਾਨਕ ਤਾਲਾਬੰਦੀ ਦੇ ਐਲਾਨ, ਕੁੰਭ ਮੇਲੇ ਦੇ ਭਾਰੀ ਇਕੱਠ ਅਤੇ ਦੇਸ਼ ਵਿਚ ਚਾਰ ਸੂਬਿਆਂ ਵਿਚ ਚੋਣਾਂ ਕਰਵਾਉਣ ਦੀ ਕਾਰਵਾਈ ਦੇ ਨਤੀਜੇ ਹੀ ਸਨ ਕਿ ਪਵਿੱਤਰ ਗੰਗਾ ਵਿਚ ਲਾਸ਼ਾਂ ਤੈਰ ਰਹੀਆਂ ਸਨ, ਹਸਪਤਾਲਾਂ ਦੇ ਬਰਾਂਡਿਆਂ ਵਿਚ ਲੋਕ ਆਕਸੀਜਨ ਨਾ ਮਿਲਣ ਕਾਰਨ ਸਹਿਕ-ਸਹਿਕ ਕੇ ਮਰ ਰਹੇ ਸਨ। 2021 ਦੇ ਅੰਤ ਤੱਕ ਕੋਵਿਡ ਕਾਰਨ ਮੌਤਾਂ ਦੀ ਗਿਣਤੀ 47 ਲੱਖ ਹੋ ਗਈ ਸੀ । ਅਜੇ ਵੀ ਚਾਪਲੂਸ ਮੋਦੀ ਦੀ ਉਸਤਤ ਕਰਨੋਂ ਨਹੀਂ ਟਲਦੇ । ਪਿੱਛੇ ਜਿਹੇ ਹੀ ਅਨੁਰਾਗ ਨੇ ਕੋਵਿਡ ਪ੍ਰਬੰਧਨ ਦੀ ਬਹੁਤ ਸਿਫਤ ਕੀਤੀ ਹੈ । ਆਜ਼ਾਦ ਭਾਰਤ ਦੇ ਇਤਿਹਾਸ ਦੀ ਇਹ ਸਭ ਤੋਂ ਖੌਫਨਾਕ ਤਰਾਸਦੀ, ਜਿਸ ਨੂੰ ਮੋਦੀ ਸਰਕਾਰ ਦੀ ਮਹਾਨ ਪ੍ਰਾਪਤੀ ਕਿਹਾ ਜਾ ਰਿਹਾ ਹੈ । ਕੀ ਇਸ ਤੋਂ ਵੱਡੀ ਵੀ ਕੋਈ ਭਿਆਨਕ ਧੋਖਾਧੜੀ ਹੋ ਸਕਦੀ ਹੈ ?

ਇਨ੍ਹਾਂ ਦੋਹਾਂ ਅੱਧਪੜ੍ਹੇ ਵਿਅਕਤੀਆਂ ਨੇ ਲਗਦਾ ਹੈ ਜਾਰਜ ਓਰਵੈਲ ਦੀ ਮਸ਼ਹੂਰ ਕਿਤਾਬ, '1984' ਤੋਂ ਸਬਕ ਸਿਖਿਆ ਹੈ : 'ਜੋ ਵਰਤਮਾਨ ਨੂੰ ਕੰਟਰੋਲ ਕਰਦੇ ਹਨ, ਉਹ ਅਤੀਤ ਉਪਰ ਵੀ ਕਾਬਜ਼ ਹੁੰਦੇ ਹਨ ਅਤੇ ਜੋ ਅਤੀਤ 'ਤੇ ਕਾਬਜ਼ ਹੁੰਦੇ ਹਨ, ਉਹ ਭਵਿੱਖ ਨੂੰ ਵੀ ਕੰਟਰੋਲ ਕਰਦੇ ਹਨ ।'

ਉਹ ਇਤਿਹਾਸ ਨੂੰ ਇਸ ਕਦਰ ਬਦਲਣਾ ਚਾਹੁੰਦੇ ਹਨ ਤਾਂ ਕਿ ਉਹ ਆਪਣੀ ਧਾਰਮਿਕ ਕੱਟੜਤਾ ਅਤੇ ਜ਼ਹਿਰੀਲੇ ਨਫਰਤ ਭਰਪੂਰ ਸਮਾਜਿਕ , ਰਾਜਨੀਤਕ ਏਜੰਡੇ ਨੂੰ ਸਹੀ ਸਿੱਧ ਕਰ ਸਕਣ ।

ਟਰੰਪ ਅਮਰੀਕਾ ਦੇ ਇਤਿਹਾਸ ਨੂੰ ਉਲਟਾ ਕਰਕੇ ਪੇਸ਼ ਕਰ ਰਿਹਾ ਹੈ। ਉਨ੍ਹਾਂ ਵਿਦਵਾਨਾਂ, ਇਤਿਹਾਸਕਾਰਾਂ ਦੀ ਅਲੋਚਨਾ ਕਰਦਾ ਹੈ, ਜਿਨ੍ਹਾਂ ਅਮਰੀਕਾ ਦੇ ਗਲਾਮੀ ਅਤੇ ਨਸਲਵਾਦੀ ਕੁਕਰਮਾਂ ਦੇ ਇਤਿਹਾਸ ਦੀ ਵਿਆਖਿਆ ਕੀਤੀ ਹੈ । ਕਹਿੰਦਾ ਹੈ ਇਸ ਕਰਕੇ ਸਾਡੇ ਸਕੂਲਾਂ ਵਿਚ ਖੱਬੇ-ਪੱਖੀ ਵਿਦਿਆ ਦਿੱਤੀ ਜਾ ਰਹੀ ਹੈ । ਆਪਣੀ ਪਹਿਲੀ ਵਾਰੀ ਦੌਰਾਨ ਉਸ ਨੇ ਨਵਾਂ 1776 ਕਮਿਸ਼ਨ ਸਥਾਪਤ ਕੀਤਾ ਸੀ ਤਾਂ ਕਿ 'ਦੇਸ਼ ਭਗਤੀ ਨੂੰ ਉਤਸ਼ਾਹਤ ਕਰਨ ਵਾਲੀ ਵਿਦਿਆ' ਦੀ ਖੋਜ ਕੀਤੀ ਜਾ ਸਕੇ । ਅਸਲ ਮਕਸਦ ਤਾਂ ਸੀ ਇਤਿਹਾਸ ਦੁਬਾਰਾ ਲਿਖਿਆ ਜਾਵੇ, ਤਾਂ ਕਿ ਉਸ ਦੀ ਸੱਜੇ-ਪੱਖੀ ਕੱਟੜ ਵਿਚਾਰਧਾਰਾ ਨੂੰ ਸਹੀ ਸਾਬਤ ਕੀਤਾ ਜਾ ਸਕੇ । ਕਮਿਸ਼ਨ ਦੀ ਮਿਥਹਾਸਕ ਰਿਪੋਰਟ ਨੂੰ ਰੱਦੀ ਵਿਚ ਸੁੱਟ ਦਿੱਤਾ ਗਿਆ, ਜਦ ਉਹ 2020 ਵਿਚ ਚੋਣ ਹਾਰ ਗਿਆ , ਹੁਣ ਫਿਰ ਇਸ ਨੂੰ ਦੁਹਰਾਉਣ ਦੀ ਕੋਸ਼ਿਸ਼ ਕੀਤੀ ਜਾਵੇਗੀ ।

ਇਤਿਹਾਸ ਨੂੰ ਝੁਠਲਾਉਣ ਦੇ ਮਾਮਲੇ ਵਿਚ ਮੋਦੀ ਜ਼ਿਆਦਾ ਅਸਰਦਾਰ ਸਾਬਤ ਹੋਇਆ ਹੈ, ਕਿਉਂ ਕਿ ਦੇਸ਼ ਦੇ ਮੁੱਖ ਅਕਾਦਮਿਕ ਵਿਦਿਅਕ ਸੰਸਥਾਨਾਂ ਵਿਚ ਉਸ ਦੇ ਬੰਦੇ ਬੈਠੇ ਹੋਏ ਹਨ । ਦੇਸ਼ ਦੀਆਂ ਇਤਿਹਾਸ ਦੀਆਂ ਕਿਤਬਾਂ ਵਿਚ ਹੁਣ ਮੱਧਕਾਲੀਨ ਦੇ ਮੁਸਲਿਮ ਵਿਰਸੇ ਨੂੰ ਬਦਨਾਮ ਕਰਨ ਦੀਆਂ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ । ਸਾਡਾ ਨਵਾਂ ਲਿਖਿਆ ਜਾ ਰਿਹਾ ਇਤਿਹਾਸ ਛਾਇਆ-ਚਿੱਤਰਾਂ ਨਾਲ ਭਰਪੂਰ ਹੈ, ਜਿਵੇਂ : ਪੁਰਾਤਨ ਭਾਰਤ ਵਿਚ ਟੈਸਟ ਟਿਊਬ ਬੇਬੀ ਪੈਦਾ ਕੀਤੇ ਜਾਂਦੇ ਸਨ, ਪਲਾਸਟਿਕ ਸਰਜਰੀ ਵੀ ਕੀਤੀ ਜਾਂਦੀ ਸੀ, ਇੰਟਰਨੈੱਟ ਤੇ ਹਵਾਈ ਜਹਾਜ਼ ਵੀ ਉਡਦੇ ਸਨ, ਵਿਰਾਸਤ ਦਾ ਰਾਮ ਸੇਤੂ ਪੁਲ ਭਗਵਾਨ ਰਾਮ ਅਤੇ ਉਸ ਦੇ ਬਾਂਦਰ ਸਾਥੀਆਂ ਨੇ ਉਸਾਰਿਆ ਸੀ, ਮਹਾਰਾਣਾ ਪ੍ਰਤਾਪ ਨੇ ਅਕਬਰ ਨੂੰ ਮਾਤ ਦਿੱਤੀ ਸੀ, ਆਦਿ ।

ਟਰੰਪ ਅਤੇ ਮੋਦੀ ਨਿੱਤ ਨਵੇਂ ਗਿਆਨ ਰਹਿਤ ਤੇ ਘੁਮੰਡ ਨਾਲ ਭਰਪੂਰ ਬਿਆਨ ਦਾਗਦੇ ਹਨ, ਵਿਗਿਆਨਕ ਖੋਜਾਂ ਨੂੰ ਲਾਂਭੇ ਕਰਕੇ ਆਪਣੀਆਂ ਭਾਵਨਾਵਾਂ 'ਤੇ ਜ਼ੋਰ ਦਿੰਦੇ ਹਨ। ਨਤੀਜਾ ਇਹ ਨਿਕਲਦਾ ਹੈ ਕਿ ਆਪਣੀ ਅਨਪੜ੍ਹਤਾ ਨੂੰ ਲੋਕਾਂ ਸਾਹਮਣੇ ਪਰੋਸਦੇ ਹਨ, ਮਜ਼ਾਕ ਦੇ ਭਾਗੀ ਬਣਦੇ ਹਨ ।

ਕੌਣ ਭੁੱਲ ਸਕਦਾ ਹੈ ਟਰੰਪ ਦਾ ਬਿਆਨ ਕਿ ਬਲੀਚਿੰਗ ਪਾਊਡਰ ਦੇ ਟੀਕੇ ਨਾਲ ਕੋਵਿਡ ਨੂੰ ਠੀਕ ਕੀਤਾ ਜਾ ਸਕਦਾ ਹੈ ਜਾਂ ਮੋਦੀ ਦੇ ਵਿਖਿਆਨ ਕਿ ਬਾਲਾਕੋਟ ਹਮਲੇ ਦੌਰਾਨ ਬੱਦਲਾਂ ਨੇ ਰਾਡਾਰ ਜਾਮ ਕਰ ਦਿੱਤੇ , ਗਟਰ ਦੀ ਗੈਸ ਨਾਲ ਚਾਹ ਬਣਾਉਣ ਦੀ ਤਕਨੀਕ ਨੂੰ ।

ਅੱਜ ਦੇ ਸਮਾਜ ਵਿਚ ਕੋਈ ਬੁਨਿਆਦੀ ਨੁਕਸ ਆ ਗਿਆ ਹੈ । ਦੋਹਾਂ ਦੇਸ਼ਾਂ ਦੇ ਲੋਕਾਂ ਦੀ ਵੱਡੀ ਗਿਣਤੀ ਆਪਣੀਆਂ ਬਿਮਾਰੀਆਂ ਦਾ ਇਲਾਜ ਇਹਨਾਂ ਦੋ ਨਕਲੀ ਡਾਕਟਰਾਂ 'ਚੋਂ ਲੱਭ ਰਹੀ ਹੈ । ਇਹ ਉਹਨਾਂ ਲਈ ਆਸ ਦੀ ਵੱਡੀ ਕਿਰਨ ਬਣ ਗਏ ਹਨ। ਉਨ੍ਹਾਂ ਲੱਖਾਂ, ਕਰੋੜਾਂ ਦਾ ਕੋਈ ਕੀ ਕਰ ਸਕਦਾ ਹੈ, ਜਿਨ੍ਹਾਂ ਨੂੰ ਗੋਰੇ-ਕਾਲੇ ਰੰਗ ਦੇ ਭੇਦਾਂ, ਨਸਲਵਾਦ ਤੇ ਨਫਰਤ ਭਰਪੂਰ ਬਿਆਨਬਾਜ਼ੀ ਨੇ ਅੰਨ੍ਹਿਆਂ ਕਰ ਦਿੱਤਾ ਹੋਇਆ ਹੈ। ਉਨ੍ਹਾਂ ਦੀ ਅੰਨ੍ਹੀ ਸ਼ਰਧਾ ਨੂੰ ਇਸ ਕਥਾ ਨਾਲ ਬਿਆਨ ਕੀਤਾ ਜਾ ਸਕਦਾ ਹੈ, ਜੋ ਇੱਕ ਪ੍ਰਸਿਧ ਮਨੋਵਿਗਿਆਨੀ ਨੇ ਸੁਣਾਈ ਸੀ :

ਪੋਲੈਂਡ ਦੇ ਇੱਕ ਪਿੰਡ ਵਿਚ ਰਾਬੀ (ਧਰਮ ਗੁਰੂ) ਭਵਿੱਖ ਦੇ ਗਿਆਨਦਾਤੇ ਵਜੋਂ ਬਹੁਤ ਪੂਜਨੀਯ ਹੋ ਗਿਆ ਸੀ। ਇੱਕ ਤਰਕਸ਼ੀਲ ਪੱਤਰਕਾਰ ਨੂੰ ਵਿਸ਼ਵਾਸ ਨਹੀਂ ਹੋ ਰਿਹਾ ਸੀ, ਸੋ ਉਸ ਨੇ ਪਰਖਣ ਦੀ ਯੋਜਨਾ ਬਣਾਈ । ਆਪਣਾ ਗਿਆਨ ਸਾਬਤ ਕਰਨ ਲਈ ਰਾਬੀ ਆਪਣੇ ਘਰ ਦੀ ਛੱਤ ਉਪਰ ਚੜ੍ਹਿਆ, ਅੱਖਾਂ 'ਤੇ ਹੱਥ ਰੱਖ ਕੇ ਦੂਰ ਦੇਖਦਾ ਰਿਹਾ ਤੇ ਕਹਿਣ ਲੱਗਾ ਕਿ 50 ਮੀਲ ਦੂਰ ਇੱਕ ਪਿੰਡ ਵਿਚ ਭਿਆਨਕ ਅੱਗ ਲੱਗੀ ਹੋਈ ਹੈ। ਪੱਤਰਕਾਰ ਤੇਜ਼ੀ ਨਾਲ ਉਸ ਪਿੰਡ ਪਹੁੰਚਿਆ ਤੇ ਦੇਖਿਆ ਉਥੇ ਕੋਈ ਅੱਗ ਨਹੀਂ ਸੀ। ਦੁਬਾਰਾ ਰਾਬੀ ਦੇ ਪਿੰਡ ਪਰਤਿਆ ਤੇ ਲੋਕਾਂ ਨੂੰ ਦੱਸਿਆ ਕਿ ਅੱਗ ਵਾਲੀ ਪੇਸ਼ੀਨਗੋਈ ਗਲਤ ਹੈ । ਸਾਰੇ ਲੋਕ ਇੱਕਸੁਰ ਕਹਿਣ ਲੱਗੇ, 'ਅੱਗ ਲੱਗੀ ਹੋਈ ਸੀ ਜਾਂ ਨਹੀਂ ਇਸ ਨਾਲ ਕੋਈ ਫਰਕ ਨਹੀਂ ਪੈਂਦਾ । ਕੀ ਤੂੰ ਇਸ ਗੱਲ ਨਾਲ ਪ੍ਰਭਾਵਤ ਨਹੀਂ ਹੋਇਆ ਕਿ ਰਾਬੀ ਕਿੰਨੀ ਦੂਰ ਤੱਕ ਦੇਖ ਸਕਦਾ ਹੈ ?

**# ਸੰਪਰਕ : 94632-32402**

**'ਦਾ ਵਾਇਰ' ਦੇ ਧੰਨਵਾਦ ਸਹਿਤ ।**

# ਠੱਗੀ ਮਾਰ ਕੇ ਗੁਜ਼ਾਰੇ ਕਰਨੇ

**ਲਾਡੀ ਜਗਤਾਰ**

ਬਾਬਾ ਜੀ ਪ੍ਰਵਚਨ ਦੇ ਰਹੇ ਸਨ ਕਿ ਭਾਈ ਆਉਣ ਵਾਲੇ ਸਮੇਂ ਵਿੱਚ ਸਾਰੇ ਠੱਗ ਹੋਣਗੇ। ਕਿਸੇ ਨੇ ਪੁੱਛ ਲਿਆ, 'ਬਾਬਾ ਜੀ, ਫੇਰ ਠੱਗਿਆ ਕਿਹੜਾ ਜਾਊ ?' ਬਾਬਾ ਕਹਿੰਦਾ ਭਾਈ ਜਿਹੜਾ ਯਕੀਨ ਕਰ ਗਿਆ ।

ਚੋਰੀ ਤੇ ਠੱਗੀ ਦੋਵੇਂ ਭੈਣਾਂ ਹੀ ਹਨ ।ਚੋਰੀ ਰਾਤ ਦੇ ਹਨੇਰੇ ਸੁੰਨ-ਮਸਾਣ ਦੇਖ ਕੇ ਕੀਤੀ ਜਾਂਦੀ ਹੈ, ਪਰ ਠੱਗੀ ਸ਼ਰੇਆਮ ਅੱਖਾਂ ਵਿੱਚ ਘੱਟਾ ਪਾ ਕੇ, ਮੂਰਖ ਬਣਾ ਕੇ, ਸੁਮੋਹਿਤ ਕਰਕੇ, ਲਾਲਚ ਦੇ ਕੇ, ਅੱਜਕੱਲ੍ਹ ਆਨਲਾਈਨ ਬਾਬਿਆਂ ਦੇ ਰੂਪ ਵਿੱਚ ਮਾਰੀ ਜਾਂਦੀ ਹੈ।ਪਿਛਲੇ ਦਿਨਾਂ ਵਿਚ ਇੱਕ ਨੇੜਲੇ ਰਿਸ਼ਤੇਦਾਰ ਨੂੰ ਉਹੀ ਤੁਹਾਡੀ ਲਾਟਰੀ ਲੱਗੀ ਐ ਜੀ ਕਹਿ ਗੱਲਾਂ ਵਿੱਚ ਉਲਝਾ ਲਿਆ ।ਪਿੱਛੋਂ ਕਹਿੰਦਾ ਮੋਬਾਇਲ ਬੰਦ ਕਰਕੇ ਆਨ ਕਰੋ ।ਬੱਸ ਐਨੇ ਟਾਇਮ ਵਿਚ ਹੀ ਪੰਦਰਾਂ ਹਜ਼ਾਰ ਨਿਕਲ ਜਾਣ ਦਾ ਮੈਸੇਜ ਆ ਗਿਆ ।ਠਣ-ਠਣ ਗੋਪਾਲ ਹੋ ਗਈ।

ਵੈਸੇ ਤਾਂ ਠੱਗੀ ਅੱਜਕੱਲ੍ਹ ਹਰੇਕ ਥਾਂ ਹੋ ਗਈ ਐ । ਪਹਿਲਾਂ ਨਟਵਰ ਲਾਲ ਜਿਹੇ ਠੱਗਾਂ ਦੇ ਨਾਂਅ ਸੁਣਦੇ ਸੀ । ਵੈਸੇ ਹਿੰਦੋਸਤਾਨ ਦਾ ਇਤਿਹਾਸ ਠੱਗਾਂ ਨਾਲ ਭਰਿਆ ਪਿਆ ਹੈ ।ਕਿਵੇਂ ਲੋਕ ਆਪਣਿਆਂ ਨਾਲ ਹੀ ਠੱਗੀਆਂ ਮਾਰਦੇ ਰਹੇ । ਰਾਜ-ਪਲਟੇ ਹੁੰਦੇ ਰਹੇ ।ਸਿੱਖ ਇਤਿਹਾਸ ਵਿੱਚ ਵੀ ਸੱਜਣ ਠੱਗ ਤੇ ਹੋਰ ਬਹੁਤ ਸਾਰੇ ਠੱਗਾਂ ਦੀਆਂ ਸਾਖੀਆਂ ਸੁਣਾਈਆਂ ਜਾਂਦੀਆਂ ਨੇ । ਰੱਬ ਨਾਲ ਤੇ ਰੱਬ ਦੇ ਨਾਂਅ 'ਤੇ ਵੀ ਠੱਗੀਆਂ ਮਾਰੀਆਂ ਜਾਂਦੀਆਂ ਨੇ। ਭਾਵੇਂ ਗੀਤ ਇਹ ਗਾਏ ਜਾਂਦੇ ਹਨ :

ਰੱਬ ਨਾਲ ਠੱਗੀਆਂ ਕਿਉਂ ਮਾਰੇ ਬੰਦਿਆ।

ਮਿਰਚ-ਮਸਾਲੇ, ਮਠਿਆਈ, ਖਾਣ-ਪੀਣ, ਘਿਉ, ਦੁੱਧ, ਸੋਨੇ, ਰੇਹ, ਸਪਰੇਅ ਸਭ ਥਾਂ ਠੱਗੀ ਵੱਜਦੀ ਹੈ।

ਕਹਿੰਦੇ ਨੇ ਸੁਨਿਆਰ ਨੇ ਇੱਕ ਵਾਰ ਆਪਣੀ ਮਾਂ ਦੇ ਗਹਿਣੇ ਵਿਚ ਵੀ ਖੋਟ ਪਾ ਕੇ ਠੱਗੀ ਮਾਰੀ ਸੀ। ਸੁਨਿਆਰੇ ਨੂੰ ਹੁਣ ਤੱਕ ਇਹੀ ਗੱਲ ਸੁਣਾਈ ਜਾਂਦੀ ਹੈ।ਆਮ ਗਾਹਕ ਨੂੰ ਕਈ ਪਾਸੇ ਤੋਂ ਠੱਗਿਆ ਜਾਂਦਾ ਹੈ। ਜੇਕਰ ਕੋਈ ਘਰ ਕੰਮ ਕਰਵਾਉਣਾ, ਕਮਿਸ਼ਨ ਲੈਣ-ਦੇਣ ਵਿੱਚ ਹੀ ਉਸ ਦੀ ਜੇਬ ਹੌਲ਼ੀ ਕਰ ਦਿੱਤੀ ਜਾਂਦੀ ਹੈ।

ਮੇਰੇ ਸ਼ਹਿਰ ਵਿਚ ਕਿਸੇ ਮਜ਼ਦੂਰ ਨੂੰ ਕੋਈ ਬੰਦਾ ਆਪਣੇ ਨਾਲ ਕੰਮ ਕਰਵਾਉਣ ਲੈ ਗਿਆ। ਕਿਸੇ ਹੋਰ ਬੰਦ ਪਏ ਘਰ ਦੇ ਅੱਗੇ ਜਾ ਕੇ ਉਹ ਬੰਦਾ ਕਹਿੰਦਾ ਕਿ ਮੈਂ ਚਾਬੀ ਭੁੱਲ ਆਇਆ ਹਾਂ। ਮਜ਼ਦੂਰ ਦਾ ਸਾਇਕਲ ਲੈ ਕੇ ਚਾਬੀ ਲੈਣ ਗਿਆ, ਅੱਜ ਤੱਕ ਨਹੀਂ ਮੁੜਿਆ। ਮਜ਼ਦੂਰ ਵਿਚਾਰੇ ਨੇ ਮਸਾਂ ਸਾਇਕਲ ਲਿਆ ਸੀ।ਲੋਕ ਗਰੀਬ ਨੂੰ ਵੀ ਨਹੀਂ ਛੱਡਦੇ । ਨਿੱਕੇ-ਨਿੱਕੇ ਕਾਗਜ਼-ਪੱਤਰਾਂ ਦੇ ਨਾਂਅ 'ਤੇ ਵੀ ਇਹੀ ਕੰਮ ਚੱਲਦਾ ਹੈ।

ਮੇਰੇ ਪਿੰਡੋਂ ਇੱਕ ਔਰਤ ਕਿਸੇ ਜਗ੍ਹਾ ਭੋਗ 'ਤੇ ਜਾ ਰਹੀ ਸੀ ।ਰਾਹ ਵਿੱਚ ਕਾਰ ਵਿੱਚ ਬੈਠੀਆਂ ਮੋਮੋਠੱਗਣੀਆਂ ਨੇ ਮਿੱਠੀਆਂ ਮਾਰ ਕੇ ਕਾਰ ਵਿੱਚ ਬਿਠਾ ਲਈ । ਜਦ ਉਸ ਔਰਤ ਨੂੰ ਸੁਰਤ ਆਈ ਤਾਂ ਉਦੋਂ ਤੱਕ ਉਹ ਕਿਸੇ ਸੁੰਨਸਾਨ ਥਾਂ 'ਤੇ ਖੜ੍ਹੀ ਸੀ। ਉਸ ਦਾ ਘਰ ਵਾਲ਼ਾ ਜਦ ਲੈਣ ਪਹੁੰਚਿਆ ਤਾਂ ਦੇਖਿਆ ਹੱਥ ਪਾਈਆਂ ਸੋਨੇ ਦੀਆਂ ਚੂੜੀਆਂ ਗਾਇਬ ਸਨ ।ਆਪਣੇ ਘਰ ਵਾਲ਼ੇ ਅੱਗੇ ਖਾਲੀ ਬਾਂਹ ਦਿਖਾਉਂਦੀ ਤੇ ਰੋਂਦੀ-ਰੋਂਦੀ ਕਹਿ ਰਹੀ ਸੀ, 'ਮਾਹੀ ਮੇਰੀਆਂ ਸੁੰਨੀਆਂ ਕਲਾਈਆਂ ਵੇ ।'

ਬਾਬੇ ਵੀ ਟੂਣੇ -ਟਾਮਣ, ਧਾਗੇ-ਤਵੀਤ, ਭਸਮਾਂ ਹਥੌਲੇ ਆਦਿ ਦੇ ਨਾਂਅ 'ਤੇ, ਜਾਂ ਗਲੀਆਂ ਵਿੱਚ ਫਿਰਦੇ ਆਮ ਪਾਂਧੇ ਦੇ ਰੂਪ ਵਿੱਚ ਘਰਾਂ ਦੀਆਂ ਔਰਤਾਂ ਨੂੰ ਚੂਨਾ ਲਾ ਹੀ ਜਾਂਦੇ ਨੇ । ਇਹਨਾਂ ਦੀ ਠੱਗੀ ਦਾ ਸ਼ਿਕਾਰ ਜ਼ਿਆਦਾ ਔਰਤਾਂ ਹੀ ਹੁੰਦੀਆਂ ਨੇ ।ਇਹ ਵਿਸ਼ਵਾਸ ਜਲਦੀ ਕਰ ਲੈਂਦੀਆਂ ਨੇ।

ਨੇਤਾਵਾਂ ਤੇ ਬਿਜ਼ਨੈੱਸਮੈਨਾਂ ਨੇ ਜਾਲ੍ਹੀ ਫਰਮਾਂ ਬਣਾ ਕੇ ਕਿੰਨੇ ਬੈਂਕ ਕੱਖੋਂ ਹੌਲੇ ਕਰ ਦਿਤੇ। ਉਹ ਦੇਸ਼ ਛੱਡ ਫਰਾਰ ਹੋ ਗਏ। ਇਹ ਵੀ ਸੁਣਦੇ ਹਾਂ ਕਿ ਉਹਨਾਂ ਨੂੰ ਭਜਾਉਣ ਵਿਚ ਲੀਡਰ ਠੱਗਾਂ ਦਾ ਹੱਥ ਰਿਹਾ ਹੈ।

ਇੱਕ ਗੁਜਰਾਤੀ ਭਗੌੜਾ ਲੋਕਾਂ ਨੂੰ ਕਰੋੜਾਂ ਦੇ ਨਗਾਂ ਦੀ ਬਜਾਏ ਕੱਚ ਹੀ ਵੇਚ ਗਿਆ।

ਲੋਕਾਂ ਦਾ ਨਾ ਦੁੱਧ ਵਿਕਦਾ,
ਤੇਰਾ ਵਿਕਦਾ ਜੈ ਕੁਰੇ ਪਾਣੀ।

ਠੱਗਾਂ ਨੇ ਪੰਜ ਦਰਿਆਵਾਂ ਦੀ ਧਰਤੀ 'ਤੇ ਪਾਣੀ ਵੀ ਵਿਕਣ ਲਾ ਦਿੱਤਾ।ਡਰ ਇਹ ਹੈ ਕਿ ਆਉਣ ਵਾਲੇ ਸਮੇਂ ਵਿੱਚ ਹਵਾ ਵੀ ਵਿਕਣ ਨਾ ਲਾ ਦੇਣ।

ਠੱਗੀਆਂ ਇਸ਼ਕ-ਮੁਹੱਬਤ ਵਿੱਚ ਵੀ ਹੁੰਦੀਆਂ ਆਈਆਂ ਨੇ। ਗੀਤ, ਦੋਹੇ, ਬਾਤਾਂ, ਕਹਾਣੀਆਂ ਲਿਖੀਆਂ ਗਈਆਂ ਹਨ:

*ਲੱਗੀਆਂ ਦੀ ਰੱਖ ਮਾਹੀਆ ਲੱਜ ਵੇ,*
*ਸਾਡੇ ਨਾਲ ਠੱਗੀਆਂ ਨਾ ਠੱਗ ਵੇ।*
*ਵੇਖ ਮੈਂ ਤੇਰੇ ਲੜ ਲੱਗੀ ਆਂ*
*ਵੇਖ, ਰਾਂਝਣਾ*
*ਤੂੰ ਕਰਦਾ ਐ ਠੱਗੀਆਂ।*

ਠੱਗੀਆਂ ਨੇ ਆਉਣ ਵਾਲੇ ਸਮੇਂ ਵਿਚ ਹੋਰ ਵਧਣਾ ਹੈ ।ਨਾ ਸਾਡੀ ਸਿੱਖਿਆ ਵਿੱਚ ਅਜਿਹੀ ਕੋਈ ਸੋਧ ਕੀਤੀ ਹੈ ਕਿ ਘੱਟੋ-ਘੱਟੋ ਆਉਣ ਵਾਲੀ ਪੀੜ੍ਹੀ ਜਾ ਹੁਣ ਦੇ ਲੋਕ ਕੋਈ ਜਾਗਰੂਕ ਹੋਣ, ਪਰ ਜਿਹਨਾਂ ਦੇਸ਼ ਵਾਰੇ ਸੋਚਣਾ ਹੈ, ਉਹ ਤਾਂ ਆਪ ਹੀ ਠੱਗ ਨੇ । ਸਭ ਤੋਂ ਮਾੜੀ ਉਸ ਵੇਲੇ ਹੀ ਹੁੰਦੀ ਹੈ ਜਦੋਂ, ਥਾਣਿਆਂ, ਕਚਹਿਰੀਆਂ ਵਿੱਚ ਵੀ ਪੀੜਤ ਦੀ ਕੋਈ ਨਹੀਂ ਸੁਣਦਾ । ਤੁਹਾਨੂੰ ਇਨਸਾਫ ਲੈਣ ਲਈ ਵੀ ਠੱਗੀ ਦਾ ਸ਼ਿਕਾਰ ਹੋਣਾ ਪੈਂਦਾ ਹੈ।

ਸੁਚੇਤ ਰਹਿਣ ਦੀ ਲੋੜ ਹੈ, ਪਰ ਕਹਿੰਦੇ ਨੇ ਕਿ ਰੱਬ ਮਾੜਾ ਟਾਇਮ ਨਾ ਲਿਆਵੇ, ਨਹੀਂ ਤਾਂ ਇਹਨਾਂ ਦੇ ਅੜਿੱਕੇ ਚੜ੍ਹਿਆ ਸਾਰੀ ਉਮਰ ਨਹੀਂ ਰਾਸ ਆਉਂਦਾ ।

***# ਸੰਪਰਕ : 94636-03091***

# ਧਰਮ ਨਿਰਪੱਖਤਾ ਨੂੰ ਫਿਰਕੂ ਅਤੇ ਫਾਸ਼ੀਵਾਦੀ ਤਾਕਤਾਂ ਤੋਂ ਗੰਭੀਰ ਖਤਰਾ



**ਪਵਨ ਕੁਮਾਰ ਕੌਸ਼ਲ**

ਤਾਨਾਸ਼ਾਹੀ ਅਤੇ ਫਿਰਕਾਪ੍ਰਸਤੀ ਵਿਰੁੱਧ ਲੜਨਾ ਅਤੇ ਭਾਰਤੀ ਰਾਜਨੀਤੀ ਵਿੱਚ ਇਨ੍ਹਾਂ ਦੋਹਰੇ ਖ਼ਤਰਿਆਂ ਵਿਰੁੱਧ ਕਿਰਤੀ-ਕਾਮਿਆਂ ਅਤੇ ਲੋਕਾਂ ਦੇ ਵਿਸ਼ਾਲ ਵਰਗਾਂ ਨੂੰ ਲਾਮਬੰਦ ਕਰਨਾ ਹੀ ਇੱਕ ਹੱਲ ਹੈ। ਭਾਰਤ ਇੱਕ ਬਹੁ-ਭਾਸ਼ੀ, ਬਹੁ-ਧਰਮੀ ਅਤੇ ਬਹੁ-ਸੱਭਿਆਤਾਵਾਂ ਦਾ ਸੁਮੇਲ ਹੈ। ਇਸ ਦੀ ਅਖੰਡਤਾ ਅਤੇ ਪ੍ਰਭੂਸਤਾ ਇਨ੍ਹਾਂ ਸੱਭ ਦੇ ਸੁਮੇਲ ਜਿਸ ਦਾ ਮੂਲ ਅਧਾਰ ਧਰਮ-ਨਿਰਪੱਖਤਾ ਹੈ, ਦੇ ਨਾਲ ਹੀ ਬੱਝਾ ਹੋਇਆ ਹੈ। ਧਾਰਮਕ ਕੱਟੜਪੰਥੀ ਤੇ ਮੂਲਵਾਦੀ ਤੱਤ ਮੁੱਢ ਤੋਂ ਹੀ ਇਸ ਲਈ ਖਤਰਾ ਬਣੇ ਹੋਏ ਹਨ। ਅਸਲ ਖਤਰਾ 1915'ਚ ਸਥਾਪਤ ਹਿੰਦੂ ਮਹਾਂ ਸਭਾ ਤੋਂ ਪੈਦਾ ਹੋਣਾ ਸ਼ੁਰੂ ਹੋਇਆ ਅਤੇ 1930 ਦੇ ਦਹਾਕੇ ਵਿੱਚ ਵਿਨਾਇਕ ਦਾਮੋਦਰ ਸਾਵਰਕਰ ਦੀ ਅਗਵਾਈ ਹੇਠ, ਇਹ ਇੱਕ ਵੱਖਰੀ ਪਾਰਟੀ ਵਿੱਚ ਵਿਕਸਤ ਹੋਈ, ਜੋ ਹਿੰਦੂਤਵ ਦੀ ਸਮਰਥਕ ਅਤੇ ਧਰਮ ਨਿਰਪੱਖ ਰਾਸ਼ਟਰ ਦਾ ਵਿਰੋਧ ਕਰਦੀ ਸੀ।

ਹਿੰਦੂ ਮਹਾਂ ਸਭਾ ਵਿਚੋਂ ਹੀ ਪੈਦਾ ਹੋਇਆ ਅਰਧ-ਸੈਨਿਕ ਸੰਗਠਨ ਰਾਸ਼ਟਰੀ ਸਵੈਮ ਸੇਵਕ ਸੰਘ, ਜਿਸ ਦੀ ਸਥਾਪਨਾ 1925 ਵਿੱਚ ਕੇਸ਼ਵ ਬਲੀਰਾਮ ਹੇਡਗੇਵਾਰ ਦੁਆਰਾ ਕੀਤੀ ਗਈ ਸੀ। ਹਿੰਦੂਤਵ, ਸੱਜੇ-ਪੱਖੀ ਨਸਲੀ ਤੇ ਅੰਧ-ਰਾਸ਼ਟਰਵਾਦੀ ਰਾਜਨੀਤਕ ਵਿਚਾਰਧਾਰਾ, ਜੋ ਹਿੰਦੂ ਧਰਮ ਦੇ ਸੰਦਰਭ ਵਿੱਚ ਭਾਰਤ ਦੀ ਸੱਭਿਆਚਾਰਕ ਪਛਾਣ ਨੂੰ ਪਰਿਭਾਸ਼ਿਤ ਕਰਦੀ ਹੈ ਅਤੇ ਭਾਰਤ ਨੂੰ ਇੱਕ ਸਪੱਸ਼ਟ ਤੌਰ 'ਤੇ ਹਿੰਦੂ ਰਾਸ਼ਟਰ-ਰਾਜ ਬਣਾਉਣਾ ਚਾਹੁੰਦੀ ਹੈ। 'ਹਿੰਦੂਤਵ' ਸ਼ਬਦ ਨੂੰ ਪਹਿਲੀ ਵਾਰ 1920 ਦੇ ਦਹਾਕੇ ਦੇ ਸ਼ੁਰੂ ਵਿੱਚ ਭਾਰਤੀ ਰਾਸ਼ਟਰਵਾਦੀ ਕਾਰਕੁਨ ਅਤੇ ਸਿਆਸਤਦਾਨ ਵਿਨਾਇਕ ਦਾਮੋਦਰ ਸਾਵਰਕਰ ਦੁਆਰਾ ਪਰਿਭਾਸ਼ਿਤ ਕੀਤਾ ਗਿਆ।

1977 ਤੋਂ ਪਹਿਲਾਂ ਜਨਸੰਘ ਅਤੇ ਬਾਅਦ ਵਿੱਚ ਭਾਰਤੀ ਜਨਤਾ ਪਾਰਟੀ ਰਾਸ਼ਟਰੀ ਸਵੈਮ ਸੇਵਕ ਸੰਘ, (ਆਰ ਐੱਸ ਐੱਸ) ਦੀ ਰਾਜਨੀਤਕ ਸ਼ਾਖਾ ਹੈ, ਜਿਸ ਰਾਹੀਂ ਆਰ ਐੱਸ ਐੱਸ ਆਪਣੀਆਂ ਹਿੰਦੂਤਵ ਨੀਤੀਆਂ ਨੂੰ ਅਗੇ ਵਧਾਉਂਦੀ ਹੈ। 2014 ਤੋਂ ਜਦੋਂ ਤੋਂ ਬੀ ਜੇ ਪੀ ਸੱਤਾ ਉਪਰ ਕਾਬਜ਼ ਹੋਈ ਹੈ, ਨੰਗੇ ਚਿੱਟੇ ਰੂਪ ਵਿੱਚ ਹਿੰਦੂਤਵ ਦੇ ਏਜੰਡੇ ਨੂੰ ਲਾਗੂ ਅਤੇ ਦੇਸ਼ ਦੀ ਧਰਮ-ਨਿਰਪੱਖਤਾ ਨੂੰ ਖਤਮ ਕਰਨ ਵੱਲ ਵਧ ਰਹੀ ਹੈ। ਇਸ ਕਾਰਜ ਲਈ ਉਹ ਘੱਟ ਗਿਣਤੀ ਫਿਰਕਿਆਂ ਵਿਸ਼ੇਸ਼ ਤੌਰ 'ਤੇ ਮੁਸਲਮਾਨਾਂ ਨੂੰ ਆਪਣਾ ਨਿਸ਼ਾਨਾ ਬਣਾ ਰਹੀ ਹੈ।

ਭਾਰਤ ਨੂੰ ਮੁੱਖ ਤੌਰ 'ਤੇ ਦਰਪੇਸ਼ ਖਤਰਿਆਂ ਬਾਰੇ ਭਾਰਤੀ ਕਮਿਊਨਿਸਟ ਪਾਰਟੀ (ਯੂਨਾਈਟਡ), ਐੱਮ ਸੀ ਪੀ ਆਈ (ਯੂ) ਨੇ 2006 ਵਿੱਚ ਹੋਈ ਏਕਤਾ ਕਾਨਫਰੰਸ ਸਮੇਂ ਆਪਣੇ ਰਾਜਨੀਤਕ ਮਤੇ ਰਾਹੀਂ ਭਾਰਤੀ ਹਾਕਮਾਂ ਅਤੇ ਆਮ ਜਨਤਾ ਨੂੰ ਫਿਰਕੂ ਅਤੇ ਸੱਜ ਪਿਛਾਖੜੀ ਦੇਸ਼ ਵਿਰੋਧੀ ਤਾਕਤਾਂ ਪ੍ਰਤੀ ਸੁਚੇਤ ਕੀਤਾ ਸੀ ।

ਭਾਜਪਾ, ਜਿਸ ਨੇ ਕਾਂਗਰਸ ਪਾਰਟੀ ਦੇ ਵਿਰੋਧੀ ਹੋਰ ਰਾਸ਼ਟਰੀ ਅਤੇ ਖੇਤਰੀ ਪਾਰਟੀਆਂ ਨਾਲ ਮਿਲ ਕੇ ਐੱਨ ਡੀ ਏ ਬਣਾਇਆ ਸੀ, ਉਹੀ ਹਾਕਮ ਜਮਾਤੀ ਹਿੱਤਾਂ ਦੀ ਨੁਮਾਇੰਦਗੀ ਕਰਦੀ ਹੈ, ਪਰ ਭਾਜਪਾ ਵੀ ਇੱਕ ਅਜਿਹੀ ਪਾਰਟੀ ਹੈ, ਜੋ ਹਿੰਦੂਤਵ ਦੇ ਫਲਸਫੇ ਦਾ ਪ੍ਰਚਾਰ ਕਰਦੀ ਹੈ ਅਤੇ ਫਿਰਕਾਪ੍ਰਸਤੀ ਦਾ ਜ਼ਹਿਰ ਫੈਲਾਉਂਦੀ ਹੈ, ਦੰਗੇ ਭੜਕਾਉਂਦੀ ਹੈ, ਜਿਵੇਂ ਕਿ ਗੁਜਰਾਤ ਨਸਲਕੁਸ਼ੀ ਵਿੱਚ ਸਿੱਟਾ ਨਿਕਲਿਆ ਅਤੇ ਘੱਟ ਗਿਣਤੀ ਵਿਰੋਧੀ ਪ੍ਰਚਾਰ ਜਾਰੀ ਰੱਖਦੀ ਹੈ। ਇਸ ਤੋਂ ਇਲਾਵਾ ਇਹ ਆਰ ਐਸ ਐਸ ਦੁਆਰਾ ਨਿਰਦੇਸ਼ਤ ਇੱਕ ਕੱਟੜ ਫਿਰਕਾਪ੍ਰਸਤ ਸੰਗਠਨ, ਜਿਹੜੀ ਫਾਸ਼ੀਵਾਦੀ ਰੁਝਾਨ ਰੱਖਦੀ ਹੈ। ਲੋਕਤੰਤਰੀ ਅੰਦੋਲਨ ਨੂੰ ਦੇਸ਼ ਵਿੱਚ ਫਿਰਕਾਪ੍ਰਸਤੀ ਫੈਲਾਉਣ ਦੀਆਂ ਆਪਣੀਆਂ ਖਤਰਨਾਕ ਘੱਟ ਗਿਣਤੀ ਵਿਰੋਧੀ, ਜ਼ਹਿਰੀਲੀਆਂ ਨੀਤੀਆਂ ਦਾ ਲਗਾਤਾਰ ਮੁਕਾਬਲਾ ਕਰਨਾ ਪੈਂਦਾ ਹੈ।

ਭਾਵੇਂ ਫਿਰਕਾਪ੍ਰਸਤੀ ਦਾ ਮੁੱਖ ਖ਼ਤਰਾ ਸੰਘ ਪਰਵਾਰ ਤੋਂ ਪੈਦਾ ਹੁੰਦਾ ਹੈ, ਹੈਦਰਾਬਾਦ ਵਿੱਚ ਮੱਕਾ ਮਸਜਿਦ ਵਿੱਚ ਹਾਲ ਹੀ ਵਿੱਚ ਹੋਏ ਬੰਬ ਧਮਾਕੇ ਅਤੇ ਸੱਚਾ ਸੌਦਾ ਅੰਦੋਲਨ ਸਾਬਤ ਕਰਦੇ ਹਨ ਕਿ ਵੱਖ-ਵੱਖ ਰੰਗਾਂ ਦੀਆਂ ਫਿਰਕਾਪ੍ਰਸਤ ਤਾਕਤਾਂ ਦੇਸ਼ ਦੇ ਸਮਾਜਿਕ-ਰਾਜਨੀਤਕ ਜੀਵਨ ਨੂੰ ਅਸਥਿਰ ਕਰਨ ਦੇ ਆਪਣੇ ਟੀਚੇ ਨੂੰ ਸਰਗਰਮੀ ਨਾਲ ਪੂਰਾ ਕਰ ਰਹੀਆਂ ਹਨ।

ਭਾਰਤ ਦਾ ਸੰਵਿਧਾਨ ਇੱਕ ਬਹੁਤ ਹੀ ਕੇਂਦਰੀਕ੍ਰਿਤ ਰਾਜ ਢਾਂਚੇ ਦੀ ਵਿਵਸਥਾ ਕਰਦਾ ਹੈ। ਇਸ ਤਰ੍ਹਾਂ ਦੇਸ਼ ਦੇ ਸੰਘੀ ਢਾਂਚੇ ਨੂੰ ਕਮਜ਼ੋਰ ਕਰ ਰਿਹਾ ਹੈ। ਦੇਸ਼ ਦੀਆਂ ਲੋਕਤੰਤਰੀ ਤਾਕਤਾਂ ਕੇਂਦਰ-ਰਾਜ ਸੰਬੰਧਾਂ ਦੇ ਪੁਨਰਗਠਨ ਲਈ ਜ਼ੋਰ ਪਾ ਰਹੀਆਂ ਸਨ, ਜਿਸ ਨਾਲ ਰਾਜਾਂ ਨੂੰ ਵਧੇਰੇ ਸ਼ਕਤੀ ਮਿਲ ਸਕੇ ਅਤੇ ਹੋਰ ਵਿਕੇਂਦਰੀਕਰਨ ਦਾ ਰਾਹ ਪੱਧਰਾ ਹੋ ਸਕੇ।

ਭਾਜਪਾ ਆਰ ਐੱਸ ਐੱਸ ਦਾ ਸਿਆਸੀ ਵਿੰਗ ਹੋਣ ਦੇ ਨਾਤੇ ਇਸ ਦੀ ਸਰਕਾਰ ਆਰ ਐੱਸ ਐੱਸ ਦੀਆਂ ਨੀਤੀਆਂ ਲਾਗੂ ਕਰ ਰਹੀ ਹੈ। ਆਰ ਐੱਸ ਐੱਸ ਦਾ ਨਾਹਰਾ ਹੈ, 'ਇੱਕ ਨੇਤਾ ਇੱਕ ਦੇਸ਼' ਅਤੇ ਭਾਜਪਾ ਨੇ ਦੇ ਦਿੱਤਾ 'ਇੱਕ ਰਾਸ਼ਟਰ ਇੱਕ ਚੋਣ।'

13 ਅਪ੍ਰੈਲ 2020, 'ਦਿ ਗਾਰਡੀਅਨ' ਨੇ ਲਿਖਿਆ, 'ਹਿੰਦੂ ਰਾਸ਼ਟਰਵਾਦੀਆਂ ਨੇ ਕੋਵਿਡ-19 ਨੂੰ ਇੱਕ ਗੁਪਤ 'ਮੁਸਲਿਮ ਸਾਜ਼ਿਸ਼' ਹੋਣ ਬਾਰੇ ਸਾਜ਼ਿਸ਼ੀ ਸਿਧਾਂਤ ਕਹਿ ਕਿ ਫੈਲਾਇਆ ਜੋ ਕੋਰੋਨਾ ਜੇਹਾਦ ਨਾਂਅ ਦੇ ਨਾਲ ਸੋਸ਼ਲ ਮੀਡੀਆ ਪਲੇਟਫਾਰਮਾਂ ਦੀ ਇੱਕ ਲੜੀ ਵਿੱਚ ਵਾਇਰਲ ਹੋ ਰਿਹਾ ਹੈ। ਭਾਰਤ ਵਿੱਚ ਮੁਸਲਮਾਨਾਂ ਨੂੰ ਨਿਸ਼ਾਨਾ ਬਣਾਉਣ ਵਾਲੇ ਕੋਰੋਨਾ ਵਾਇਰਸ ਸਾਜ਼ਿਸ਼ ਦੇ ਸਿਧਾਂਤ ਫੈਲ ਗਏ।

ਮੁਸਲਮਾਨ ਸਮੂਹ ਨੂੰ ਮਹਾਂਮਾਰੀ ਲਈ ਜ਼ਿੰਮੇਵਾਰ ਠਹਿਰਾਉਣ ਦੇ ਝੂਠੇ ਦਾਅਵਿਆਂ ਵਿਚਕਾਰ ਹਮਲੇ ਅਤੇ ਬਾਈਕਾਟ ਵਧਦੇ ਗਏ। ਮੁਸੀਬਤਾਂ ਉਦੋਂ ਸ਼ੁਰੂ ਹੋਈਆਂ, ਜਦੋਂ ਮਾਰਚ ਦੇ ਅੱਧ ਵਿੱਚ ਦੱਖਣੀ ਦਿੱਲੀ ਦੇ ਨਿਜ਼ਾਮੂਦੀਨ ਇਲਾਕੇ ਵਿੱਚ ਇੱਕ ਇਸਲਾਮੀ ਮਿਸ਼ਨਰੀ ਸੰਗਠਨ, ਤਬਲੀਗੀ ਜਮਾਤ ਦੇ ਇਕੱਠ ਨੂੰ ਪੁਲਸ ਅਤੇ ਸਰਕਾਰ ਨੇ ਪੂਰੇ ਭਾਰਤ ਵਿੱਚ ਕੋਰੋਨਾ ਵਾਇਰਸ ਦੇ ਫੈਲਣ ਲਈ ਜ਼ਿੰਮੇਵਾਰ ਠਹਿਰਾਇਆ।

ਮੋਦੀ ਦੇ ਕਾਰਜਕਾਲ ਦੌਰਾਨ ਕਈ ਵਿਸ਼ਿਆਂ 'ਤੇ ਪ੍ਰਤੀਕਿਰਿਆਸ਼ੀਲ ਕਾਨੂੰਨ ਬਣਾਏ ਗਏ ਹਨ। ਇਸ ਨੇ ਭਾਰਤ ਨੂੰ ਕਾਨੂੰਨੀ ਤੌਰ 'ਤੇ ਆਪਣੇ ਸੰਵਿਧਾਨ ਦੇ ਧਰਮ ਨਿਰਪੱਖ ਅਤੇ ਬਹੁਲਵਾਦੀ ਸਿਧਾਂਤਾਂ ਤੋਂ ਦੂਰ ਕਰ ਦਿੱਤਾ ਹੈ। ਕਾਨੂੰਨਾਂ ਨੇ ਬਦਲੇ ਦੀ ਭਾਵਨਾ ਨੂੰ ਨਿਆਂ ਨਾਲ ਮਿਲਾਇਆ ਹੈ ਅਤੇ ਮੁਸਲਮਾਨਾਂ ਪ੍ਰਤੀ ਜਨੂੰਨ ਦੀ ਭਾਵਨਾ ਪੈਦਾ ਕਰ ਦਿੱਤੀ ਅਤੇ ਧਰਮ ਦੀ ਆਜ਼ਾਦੀ 'ਤੇ ਹਮਲਾ ਕਰਨ ਵਾਲੇ ਕਾਨੂੰਨਾਂ ਨੂੰ ਕਾਨੂੰਨੀ ਰੂਪ ਦਿੱਤਾ। ਮੁਸਲਮਾਨਾਂ ਨੂੰ ਅਖੌਤੀ 'ਲਵ ਜੇਹਾਦ' ਕਾਨੂੰਨਾਂ ਰਾਹੀਂ ਤਸਵੀਰ ਵਿੱਚ ਲਿਆਂਦਾ ਗਿਆ, ਜਿਸ ਨੇ ਅੰਤਰ-ਧਰਮ ਵਿਆਹ ਨੂੰ ਅਪਰਾਧ ਬਣਾਇਆ। 'ਗੁਲਾਬੀ ਕ੍ਰਾਂਤੀ' 'ਤੇ ਮੋਦੀ ਦੇ ਹਮਲੇ ਤੋਂ ਬਾਅਦ ਭਾਜਪਾ ਰਾਜਾਂ ਵਿੱਚ ਕਾਨੂੰਨਾਂ ਦਾ ਪਹਿਲਾ ਸੈੱਟ ਆਇਆ ਅਤੇ ਉਨ੍ਹਾਂ ਬੀਫ ਰੱਖਣ ਨੂੰ ਅਪਰਾਧ ਬਣਾਉਣਾ ਸ਼ੁਰੂ ਕਰ ਦਿੱਤਾ। ਇਸ ਨਾਲ ਗਊ ਰੱਖਿਆ ਅਤੇ ਬੀਫ ਦੇ ਨਾਂਅ ਤੇ ਮੋਬ ਲਿੰਚਿੰਗ/ ਹਜੂਮੀ ਹਿੰਸਾ ਦਾ ਸਿਲਸਿਲਾ ਸ਼ੁਰੂ ਹੋਇਆ।

(ਨਿਊ ਯਾਰਕ 19 ਫਰਵਰੀ 2021) - ਹਿਊਮਨ ਰਾਈਟਸ ਵਾਚ ਨੇ ਕਿਹਾ ਕਿ ਭਾਰਤ ਵਿੱਚ ਅਧਿਕਾਰੀਆਂ ਨੇ ਅਜਿਹੇ ਕਾਨੂੰਨ ਅਤੇ ਨੀਤੀਆਂ ਅਪਣਾਈਆਂ ਹਨ, ਜੋ ਯੋਜਨਾਬੱਧ ਢੰਗ ਨਾਲ ਮੁਸਲਮਾਨਾਂ ਨਾਲ ਵਿਤਕਰਾ ਕਰਦੇ ਹਨ ਅਤੇ ਸਰਕਾਰ ਦੇ ਆਲੋਚਕਾਂ ਨੂੰ ਕਲੰਕਿਤ ਕਰਦੇ ਹਨ। ਸੱਤਾਧਾਰੀ ਹਿੰਦੂ ਰਾਸ਼ਟਰਵਾਦੀ ਭਾਰਤੀ ਜਨਤਾ ਪਾਰਟੀ ਦੀ ਸਰਕਾਰ ਵਿੱਚ ਸ਼ਾਮਲ ਪੱਖਪਾਤ ਨੇ ਪੁਲਸ ਅਤੇ ਅਦਾਲਤਾਂ ਵਰਗੇ ਸੁਤੰਤਰ ਅਦਾਰਿਆਂ ਵਿੱਚ ਘੁਸਪੈਠ ਕੀਤੀ ਹੈ, ਜਿਸ ਨਾਲ ਅੰਧ-ਰਾਸ਼ਟਰਵਾਦੀ ਸਮੂਹਾਂ ਨੂੰ ਧਾਰਮਿਕ ਘੱਟ ਗਿਣਤੀਆਂ ਨੂੰ ਧਮਕੀਆਂ ਦੇਣ, ਪਰੇਸ਼ਾਨ ਕਰਨ ਅਤੇ ਹਮਲਾ ਕਰਨ ਦਾ ਅਧਿਕਾਰ ਮਿਲਦਾ ਹੈ।

'ਦ ਵਾਇਰ' (28/ਦਸੰਬਰ/2021) ਲਈ ਨਸੀਰੂਦੀਨ ਸ਼ਾਹ ਨੇ ਕਰਨ ਥਾਪਰ ਨੂੰ ਦਿੱਤੇ ਇੱਕ ਇੰਟਰਵਿਊ ਵਿੱਚ ਹਰਿਦੁਆਰ ਵਿੱਚ 17-19 ਦਸੰਬਰ 2021 ਤੱਕ ਆਯੋਜਿਤ ਇੱਕ ਵਿਵਾਦਪੂਰਨ ਧਾਰਮਿਕ ਸਮਾਗਮ 'ਧਰਮ ਸੰਸਦ' ਵਿੱਚ ਕਈ ਨੇਤਾਵਾਂ ਦੇ ਦਿੱਤੇ ਕਥਿਤ ਭੜਕਾਊ ਭਾਸ਼ਣ ਅਤੇ ਘੱਟ ਗਿਣਤੀ ਭਾਈਚਾਰੇ ਦੇ ਮੈਂਬਰਾਂ ਨੂੰ ਮਾਰਨ ਦੀ ਗੱਲ ਉਪਰ ਬੋਲਦਿਆਂ ਨਸਰੂਦੀਨ ਸ਼ਾਹ ਨੇ ਕਿਹਾ, 'ਨਸਲਕੁਸ਼ੀ ਦੇ ਸੱਦੇ ਘਰੇਲੂ ਯੁੱਧ ਵੱਲ ਲੈ ਜਾ ਸਕਦੇ ਹਨ"। ਨਸੀਰੂਦੀਨ ਸ਼ਾਹ ਨੇ ਕਿਹਾ ਕਿ ਜੇਕਰ ਮੁਸਲਿਮ ਨਸਲਕੁਸ਼ੀ ਅਤੇ ਨਸਲੀ ਸਫਾਈ ਦੀ ਕੋਸ਼ਿਸ਼ ਕੀਤੀ ਜਾਂਦੀ ਹੈ, ਤਾਂ ਭਾਰਤ ਦੇ ਮੁਸਲਮਾਨ ਜਵਾਬੀ ਲੜਾਈ ਲੜਨ ਜਾ ਰਹੇ ਹਨ।

**ਡੇਕਨ ਹੈਰਾਲਡ ਨੇ ਆਪਣੇ 29 ਨਵੰਬਰ 2024 ਦੇ ਅੰਕ ਵਿੱਚ ਲਿਖਿਆ ਹੈ;**

'ਮਸਜਿਦਾਂ ਦੇ ਹੇਠਾਂ ਮੰਦਰਾਂ ਦਾ ਪਤਾ ਲਗਾਉਣ ਲਈ ਨਿਆਂਇਕ ਨਿਰੀਖਣ ਦੀ ਦੁਰਵਰਤੋਂ ਤਬਾਹੀ ਵੱਲ ਲੈ ਜਾਵੇਗੀ ਜਦੋਂ ਤੱਕ ਨਿਆਂ ਪਾਲਿਕਾ ਡੀ ਵਾਈ ਚੰਦਰਚੂੜ ਦੇ 2022 ਦੇ ਨਿਰੀਖਣ ਦੀ ਉਲੰਘਣਾ ਨੂੰ ਰੋਕਣ ਲਈ ਤੇਜ਼ੀ ਅਤੇ ਮਜ਼ਬੂਤੀ ਨਾਲ ਕਦਮ ਨਹੀਂ ਚੁੱਕਦੀ, ਫਿਰਕੂ ਧਰੁਵੀਕਰਨ ਅਤੇ ਦੰਗਿਆਂ ਦਾ ਖ਼ਤਰਾ ਵਧੇਗਾ। ਸੰਭਲ ਵਿੱਚ ਹੋਈ ਹਿੰਸਾ ਦਾ ਸਿੱਧਾ ਨਤੀਜਾ ਸੀ, ਜਿਸ ਨਾਲ ਜ਼ਿਲ੍ਹਾ ਜੱਜ ਨੇ ਮਸਜਿਦ ਤੱਕ ਪਹੁੰਚ ਕਰਨ ਦਾ ਹੁਕਮ ਦਿੱਤਾ ਅਤੇ ਸਰਵੇਖਣ ਟੀਮ ਉਸੇ ਦਿਨ ਘਟਨਾ ਵਾਲੀ ਥਾਂ 'ਤੇ ਪਹੁੰਚ ਗਈ।'

ਸੁਪਰੀਮ ਕੋਰਟ ਨੇ 12 ਦਸੰਬਰ 2024 ਨੂੰ ਇੱਕ ਆਦੇਸ਼ ਰਾਹੀਂ 'ਮਸਜਿਦ ਦੇ ਹੇਠਾਂ ਮੰਦਰ' ਸਰਵੇਖਣਾਂ ਨੂੰ ਰੋਕ ਦਿੱਤਾ। ਅਦਾਲਤ ਨੇ ਹੇਠਲੀਆਂ ਅਦਾਲਤਾਂ ਨੂੰ ਅਜਿਹੇ ਵਿਵਾਦਾਂ ਸੰਬੰਧੀ ਮੌਜੂਦਾ ਮੁਕੱਦਮਿਆਂ ਵਿੱਚ ਕੋਈ ਵੀ ਆਦੇਸ਼ ਪਾਸ ਕਰਨ ਤੋਂ ਰੋਕ ਦਿੱਤਾ, ਜਿਸ ਨਾਲ ਅਗਲੇ ਨਿਰਦੇਸ਼ਾਂ ਤੱਕ ਸਰਵੇਖਣਾਂ 'ਤੇ ਰੋਕ ਲੱਗ ਗਈ।

ਮੋਦੀ ਇਸ ਸਾਲ ਸਤੰਬਰ 2024 ਵਿੱਚ ਗਣਪਤੀ ਪੂਜਾ ਸਮਾਰੋਹਾਂ ਵਿੱਚ ਸ਼ਾਮਲ ਹੋਣ ਲਈ ਸੀ ਜੇ ਆਈ ਚੰਦਰਚੂੜ ਦੇ ਘਰ ਗਏ ਸਨ। ਗਣੇਸ਼ ਚਤੁਰਥੀ ਸਮਾਰੋਹ ਵਿਚ ਮੋਦੀ ਦਾ ਜਾਣਾ ਇੱਕ ਸੰਵਿਧਾਨਕ ਹੱਦ ਦੀ ਉਲਘੰਣਾ ਹੈ।

ਇਲਾਹਾਬਾਦ ਹਾਈ ਕੋਰਟ ਦੇ ਜੱਜ ਜਸਟਿਸ ਸ਼ੇਖਰ ਕੁਮਾਰ ਯਾਦਵ ਨੇ ਵਿਸ਼ਵ ਹਿੰਦੂ ਪ੍ਰੀਸ਼ਦ ਦਵਾਰਾ ਆਯੋਜਿਤ ਇੱਕ ਵਰਕਸ਼ਾਪ ਵਿੱਚ 8 ਦਸੰਬਰ ਨੂੰ ਸ਼ਿਰਕਤ ਕਰਦਿਆਂ ਯੂ ਸੀ ਸੀ 'ਤੇ ਦਿੱਤੇ ਭਾਸ਼ਣ 'ਚ ਕੀਤੀਆਂ ਕਥਿਤ ਵਿਵਾਦਪੂਰਨ ਫਿਰਕੂ ਟਿੱਪਣੀਆਂ ਅਤੇ ਮੁਸਲਿਮ ਸਮਾਜ ਵਿੱਚ ਕਥਿਤ 'ਬੁਰਾਈਆਂ' ਦੇ ਕਈ ਹਵਾਲੇ ਦਿੱਤੇ ਜਾਣ ਕਾਰਨ ਨਿਆਂ ਪਾਲਿਕਾ ਦੀ ਸੁਤੰਤਰਤਾ ਅਤੇ ਧਰਮ ਨਿਰਪੱਖਤਾ ਪ੍ਰਤੀ ਸੰਦੇਹ ਪੈਦਾ ਕਰ ਦਿੱਤੇ ਹਨ। ਉਨ੍ਹਾਂ ਅੱਗੇ ਕਿਹਾ ਕਿ ਭਾਰਤ ਆਪਣੇ ਬਹੁਮਤ ਦੀ ਇੱਛਾ ਅਨੁਸਾਰ ਚੱਲੇਗਾ। ਯੂਨੀਫਾਰਮ ਸਿਵਲ ਕੋਡ ਬਾਰੇ ਬੋਲਦਿਆਂ ਉਨ੍ਹਾਂ ਮੁਸਲਿਮ ਭਾਈਚਾਰੇ 'ਤੇ ਕਈ ਲੁਕਵੇਂ ਹਮਲੇ ਕੀਤੇ। (ਦ ਹਿੰਦੂ, ਦਸੰਬਰ 08, 2024)

ਆਲ ਇੰਡੀਆ ਲਾਇਰਜ਼ ਯੂਨੀਅਨ ਨੇ 9 ਦਸੰਬਰਨੂੰ ਭਾਰਤ ਦੇ ਰਾਸ਼ਟਰਪਤੀ ਅਤੇ ਚੀਫ਼ ਜਸਟਿਸ ਨੂੰ ਇੱਕ ਪੱਤਰ ਲਿਖ ਕੇ ਇਲਾਹਾਬਾਦ ਹਾਈ ਕੋਰਟ ਦੇ ਜੱਜ ਜਸਟਿਸ ਸ਼ੇਖਰ ਕੁਮਾਰ ਯਾਦਵ ਵੱਲੋਂ ਵਿਸ਼ਵ ਹਿੰਦੂ ਪ੍ਰੀਸ਼ਦ (ਵੀ ਐੱਚ ਪੀ) ਦੇ ਇੱਕ ਸਮਾਗਮ ਵਿੱਚ ਦਿੱਤੇ ਭਾਸ਼ਣ ਲਈ ਕਾਰਵਾਈ ਕਰਨ ਦੀ ਮੰਗ ਕੀਤੀ ਹੈ। ਵਕੀਲਾਂ ਦੀ ਯੂਨੀਅਨ ਨੇ ਕਿਹਾ ਕਿ ਇਹ ਭਾਸ਼ਣ 'ਮੁਸਲਿਮ ਘੱਟ ਗਿਣਤੀ ਵਿਰੁੱਧ ਨਫ਼ਰਤ ਭਰਿਆ ਭਾਸ਼ਣ' ਹੈ।

ਹਾਜ਼ਰੀਨ ਨੂੰ ਇਹ ਦਾਅਵਾ ਕਰਦੇ ਹੋਏ ਕਿ ਉਨ੍ਹਾ ਦੀ ਹਿੰਦੂ ਪਛਾਣ ਉਨ੍ਹਾਂ ਦੀ ਮੁੱਢਲੀ ਪਛਾਣ ਹੈ, ਜਸਟਿਸ ਯਾਦਵ ਨੇ ਵੀ ਐੱਚ ਪੀ ਦੇ ਇਕੱਠ ਨੂੰ ਭਰੋਸਾ ਦਿਵਾਇਆ ਕਿ ਜਿਵੇਂ ਕਿ ਅਯੁੱਧਿਆ ਵਿੱਚ 'ਸਾਡੇ ਪੁਰਖਿਆਂ ਦੀਆਂ ਕੁਰਬਾਨੀਆਂ' ਦੇ ਸਾਲਾਂ ਬਾਅਦ ਰਾਮ ਮੰਦਰ ਦਾ ਨਿਰਮਾਣ ਕੀਤਾ ਗਿਆ ਸੀ, ਉਸੇ ਤਰ੍ਹਾਂ ਯੂਨੀਫਾਰਮ ਸਿਵਲ ਕੋਡ ਵੀ ਜਲਦੀ ਹੀ ਹਕੀਕਤ ਬਣ ਜਾਵੇਗਾ।

ਪ੍ਰਸਿੱਧ ਵਕੀਲ ਅਤੇ ਸਮਾਜਿਕ ਕਾਰਕੁਨ ਪ੍ਰਸ਼ਾਂਤ ਭੂਸ਼ਣ ਨੇ ਭਾਰਤ ਦੇ ਚੀਫ਼ ਜਸਟਿਸ ਸੰਜੀਵ ਖੰਨਾ ਨੂੰ ਪੱਤਰ ਲਿਖ ਕੇ ਜਸਟਿਸ ਯਾਦਵ ਦੇ ਵਿਹਾਰ ਦੀ 'ਅੰਦਰੂਨੀ ਜਾਂਚ' ਦੀ ਮੰਗ ਕੀਤੀ ਹੈ।

ਨਿਆਂਇਕ ਨੋਟਿਸ ਲੈਂਦਿਆਂ ਸੁਪਰੀਮ ਕੋਰਟ ਨੇ 10 ਦਸੰਬਰ ਨੂੰ ਵੀ ਐੱਚ ਪੀ ਦੇ ਇੱਕ ਸਮਾਗਮ ਵਿੱਚ ਦਿੱਤੇ ਹਾਈ ਕੋਰਟ ਦੇ ਜੱਜ ਜਸਟਿਸ ਸ਼ੇਖਰ ਕੁਮਾਰ ਯਾਦਵ ਦੇ ਭਾਸ਼ਣ ਦੀਆਂ ਖ਼ਬਰਾਂ ਦਾ ਨੋਟਿਸ ਲੈਂਦਿਆਂ ਇਲਾਹਾਬਾਦ ਹਾਈ ਕੋਰਟ ਤੋਂ ਵੇਰਵੇ ਤਲਬ ਕੀਤੇ ਹਨ।

ਹਾਲਾਤ ਗੰਭੀਰ ਹੁੰਦੇ ਜਾ ਰਹੇ ਹਨ। ਸਾਰੇ ਰੰਗਾਂ ਅਤੇ ਰੰਗਾਂ ਦੀ ਤਾਨਾਸ਼ਾਹੀ ਅਤੇ ਫਿਰਕਾਪ੍ਰਸਤੀ ਵਿਰੁੱਧ ਲੜਨਾ ਅਤੇ ਭਾਰਤੀ ਰਾਜਨੀਤੀ ਵਿੱਚ ਇਨ੍ਹਾਂ ਦੋਹਰੇ ਖ਼ਤਰਿਆਂ ਵਿਰੁੱਧ ਲੋਕਾਂ ਦੇ ਵਿਸ਼ਾਲ ਵਰਗਾਂ ਨੂੰ ਲਾਮਬੰਦ ਕਰਨਾ ਹੀ ਇੱਕ ਹੱਲ ਹੈ।

**# ਸੰਪਰਕ : 98550-04500**

